ਜਨਵਰੀ-ਫਰਵਰੀ 1979

# ਵਤਨੋਂ ਦੂਰ

**WATNO DUR JAN/FEB, '79 60c**
**P.O. Box 67681 Stn. 'O'**
**Vancouver, B.C. V5W 3V2**

Sadhu Binning & Family
4333 Portland Street
Burnaby, BC CA V5J 2N5

# ਜ਼ਰੂਰੀ ਐਲਾਨ

ਵੱਲੋਂ

# ISLAND INSURANCE AGENCY LTD.

## COMPLETE INSURANCE SERVICE SINCE 1917

**MALKIAT SINGH ATHWAL**

ਮਲਕੀਅਤ ਸਿੰਘ ਅਟਵਾਲ



**FIELD MANAGER**

The management is pleased to announce that MALKIAT SINGH ATHWAL has joined the firm and will be pleased to assist you in any of your insurance needs.

AUTO - Insurance and new Licence Plates I.C.B.C. Agent.

HOMEOWNERS, TENANTS, COMMERCIAL, TRAVEL, LIFE, R.R.S.P.
10 percent current rate (guaranteed 5 years)

*Representing major companies both General & Life.*

NORWICH, NORTH AMERICAN, COMMERCIAL UNION, GENERAL ACCIDENT, CENTURY, GORE

**PHONE :-OFFICE :- 278-2515 RES. 271-1490**

# SLAND INSURANCE AGENCY LTD.

# 6700 NO. 3 ROAD RICHMOND, B.C.

WATNO DUR
P.O. Box 67681
Postal Stn 'O'


# 1979 Insurance and Licence

SPECIALIST
GENERAL INSURANCE
HOME OWNER - BUSINESS

*AUTO INSURANCE & LICENCE
* FIRE, THEFT & LIABILITY
* ACCIDENT & SICKNESS
* NO DEDUCTIBLE GLASS COVERAGE



T S. DHALIWAL

ਹੁਣ ਤੁਸੀਂ ਕਾਰ ਇੰਸ਼ੋਰੰਸ (WITH PRIVATE INS. CO.)
ਵਿਚ ਹੇਠ ਲਿਖੀਆਂ ਸਹੂਲਤਾਂ ਲੈ ਸਕਦੇ ਹੋ:-

* ਪੰਜ ਸਾਲ ਦਾ ਬਿਨਾਂ CLAIM ਤੋਂ ਡਿਸਕਾਊਂਟ
* RENTAL CAR — IN CASE OF COLLISION
* C.B. RADIO INSURANCE
* TAPE DECK

**FOR YOUR**

— 1979 —

**CAR INSURANCE**

PLEASE CONTACT

**TEJA S. DHALIWAL**

AT

**OFFICE: 874-4241**
**RES: 584-1596**

**24 hrs. service**

**call 522-3907 (Pager 307)**

**Leave your phone No.**


*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

ਮੁੱਖ ਚਿੱਤਰ – ਸੁਰਜੀਤ ਕਲਸੀ

# ਜਰੂਰੀ ਐਲਾਨ

ਵੱਲੋਂ




**PHONE :-OFFICE :- 278-2515** **RES. 271-1490**

# SLAND INSURANCE AGENCY LTD.

# 6700 NO. 3 ROAD RICHMOND, B.C.

# WATNO DUR

**P.O. Box 67681**
**Postal Stn. 'O'**
**Vancouver, B.C.**
**V5W 3V2**

*VOL. 7. No. 66 & 67 Jan/Feb 79*

**2nd Class Mail Reg. No. 3233**
**ANNUAL SUBSCRIPTION:** Canada-U.S.A. $ 7.00
Other SEA $ 7.00
Countries AIR $10.00



**EDITORIAL BOARD:**
Surinder Dhanjal, 256-0436 (Windsor)
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITORS:**
Karamjit Ghuman, 321-6081

**CIRCULATION EDITOR:**
Sarwan Boal, 437-9014

**WATNO DUR REPRESENTATIVES:**
Iqbal Ramuwalia, Waterloo (884-7131)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)

**SPECIAL REPRESENTATIVES:**
Surinder Kailey (Ludhiana, India)
Jasbir Bath (Liverpool, U.K.)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ; ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।


## ਇਸ ਅੰਕ ਵਿਚ:-


**ਕਵਿਤਾ—**
ਬੀਬੀ ਮਾਰਜੀਤਾ (ਇਕਾਂਗੀ-ਕਵਿਤਾ) ਲਾਟ ਭਿੰਡਰ, ਹਰਦੇਵ ਵਫ਼ੈਰ, ਕੰਵਲ, ਸਾਧੂ, ਸੁਲੱਖਣ ਮੀਤ, ਸੁਖਚੈਨ ਮਿਸਤਰੀ

**ਕਹਾਣੀ—**
ਅਮਰਜੀਤ ਚਾਹਲ, ਸੁਖਵੰਤ ਹੁੰਦਲ, ਪਰਮਜੀਤ

**ਲੇਖ—**
ਦਰਸ਼ਨ ਚਾਹਲ, ਸੁਖਿੰਦਰ, ਉਦਸ਼ਨ

ਪੁਸਤਕ ਚਰਚਾ — ਅਜਮੇਰ
ਰੀਪੋਰਟ — ਅਜਮੇਰ


ਮੁੱਖ ਚਿੱਤਰ — ਸੁਰਜੀਤ ਕਲਸੀ

# ਐਡੀਟੋਰੀਅਲ

International Year of the Child 1979

ਇਹ ਸਾਲ 'ਯੂਨਾਈਟਡ ਨੇਸ਼ਨਜ਼ ਆਰਗੇਨਾਈਜ਼ੇਸ਼ਨ' ਵਲੋਂ 'ਬੱਚਿਆਂ ਦਾ ਕੌਮਾਂਤਰੀ ਵਰ੍ਹਾ' ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਇਸ ਦਾ ਮੁੱਖ ਉਦੇਸ਼ ਦੁਨੀਆਂ ਦੇ ਵੱਧ ਤੋਂ ਵੱਧ ਹਿੱਸਿਆਂ ਦੇ ਬੱਚਿਆਂ ਦੀਆਂ ਲੋੜਾਂ ਤੇ ਉਨ੍ਹਾਂ ਨਾਲ ਹੁੰਦੇ ਹਰ ਕਿਸਮ ਦੇ ਅਨਿਆਇਆਂ ਬਾਰੇ ਲੋਕਾਂ ਨੂੰ ਜਾਣੂ ਕਰਾਉਣਾ ਤੇ ਉਹਨਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨਾ ਹੈ। ਇਸੇ ਤਰ੍ਹਾਂ ਕੁੱਝ ਦੇਰ ਪਹਿਲਾਂ ਔਰਤਾਂ ਦਾ ਵਰ੍ਹਾ ਮਨਾਇਆ ਗਿਆ ਸੀ।

ਬੱਚਿਆਂ ਦੇ ਕੋਈ ਖਾਸ ਅਧਿਕਾਰ ਨਹੀਂ ਹਨ। ਉਹਨਾਂ ਦੇ ਬਚਾਅ ਲਈ ਕਾਨੂੰਨ ਨਹੀਂ ਹਨ। ਉਦਾਹਰਣ ਵਜੋਂ ਜੇ ਕੋਈ ਮਨੁੱਖ ਦੂਜੇ ਨੂੰ ਜਿਸਮਾਨੀ ਤੌਰ ਤੇ ਕੁੱਟੇ ਤਾਂ ਉਹ ਕਾਨੂੰਨੀ ਜੁਰਮ ਹੈ। ਪਰ ਜੇ ਉਹੀ ਮਨੁੱਖ ਆਪਣੇ ਬੱਚੇ ਨੂੰ ਜਿਸਮਾਨੀ ਤੌਰ ਤੇ ਕੁੱਟੇ ਤਾਂ ਇਹ ਕੋਈ ਕਾਨੂੰਨੀ ਜੁਰਮ ਨਹੀਂ ਹੈ। ਇਹੋ ਜਿਹੀਆਂ ਹੋਰ ਵੀ ਕਈ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿਥੇ ਬੱਚਿਆਂ ਦੇ ਹੱਕਾਂ ਤੇ ਅਧਿਕਾਰਾਂ ਨੂੰ ਅੱਖੋਂ ਉਹਲੇ ਕੀਤਾ ਜਾਂਦਾ ਹੈ।

ਬੱਚਿਆਂ ਬਾਰੇ ਅਜੇ ਤੱਕ ਬਹੁਤ ਘੱਟ ਸੋਚਿਆ ਗਿਆ ਹੈ। ਉਹ ਇਕ ਮਲਕੀਅਤ ਤੋਂ ਵੱਧ ਕੁੱਝ ਨਹੀਂ ਹੁੰਦੇ। ਉਨ੍ਹਾਂ ਬਾਰੇ ਹਰ ਸੋਚ ਇਕ ਤਰ੍ਹਾਂ ਨਾਲ ਮਾਂ-ਪਿਓ ਦੀ ਆਪਣੇ ਬਾਰੇ ਸੋਚ ਹੁੰਦੀ ਹੈ। ਤੇ ਮਾਂ-ਪਿਓ ਦੀ ਸੋਚ ਉਪਰ ਉਹਨਾਂ ਦੀਆਂ ਆਪਣੀਆਂ ਆਰਥਿਕ ਲੋੜਾਂ ਭਾਰੂ ਹੁੰਦੀਆਂ ਹਨ। ਇਸੇ ਸੋਚ ਦਾ ਸਿੱਟਾ ਹੈ ਕੁੜੀ ਤੇ ਮੁੰਡੇ ਵਿਚ ਫਰਕ। ਇਹ ਫੈਸਲਾ ਕਿ ਬੱਚੇ ਘੱਟ ਪੈਦਾ ਕਰਨੇ ਚਾਹੀਦੇ ਹਨ ਕਿ ਵੱਧ, ਵੀ ਇਸੇ ਸੋਚ ਤੇ ਅਧਾਰਿਤ ਹੁੰਦਾ ਹੈ। ਉਦਾਹਰਣ ਵਜੋਂ ਗਰੀਬ ਤੇ ਪਛੜੇ ਮੁਲਕਾਂ ਵਿਚ ਸਿਆਣੀ ਉਮਰ ਦੇ ਲੋਕਾਂ ਦੀ ਦੇਖ ਭਾਲ ਲਈ ਸਰਕਾਰ ਜਾਂ ਸਮਾਜ ਵਲੋਂ ਕੋਈ ਪ੍ਰਬੰਧ ਨਹੀਂ ਹੁੰਦਾ। ਇਸ ਕਰਕੇ ਜਿਆਦਾ ਬੱਚੇ ਗਰੀਬ ਲੋਕਾਂ ਦੀ ਲੋੜ ਹੁੰਦੇ ਹਨ ਤਾਂ ਕਿ ਬੁੱਢੇ ਵਾਰੇ ਉਹਨਾਂ ਦੀ ਦੇਖ ਭਾਲ ਕਰਨ ਵਾਲਾ ਕੋਈ ਹੋਵੇ। ਇਸੇ ਇਕ ਗੱਲ ਹੋਰ ਜਾਨਣੀ ਵੀ ਜ਼ਰੂਰੀ ਹੈ ਕਿ ਗਰੀਬ ਮੁਲਕਾਂ ਵਿਚ ਬਿਮਾਰੀ ਤੇ ਭੁੱਖ ਦੇ ਕਾਰਨ ਛੋਟੀ ਉਮਰ ਦੇ ਬੱਚਿਆਂ ਵਿਚ ਮੌਤ ਦੀ ਦਰ ਵੀ ਕਾਫੀ ਉਚੀ ਹੈ।

ਬੱਚਿਆਂ ਦਾ ਵਰ੍ਹਾ ਮਨਾਉਣ ਦੀ ਗੱਲ ਆਪਣੇ ਆਪ ਵਿਚ ਬਹੁਤ ਵਧੀਆ ਹੈ। ਨਿਸੰਦੇਹ ਇਹਦੇ ਨਾਲ ਸਮਾਜ ਦੇ ਇਕ ਹੋਰ ਅੱਖੋਂ ਉਹਲੇ ਕੀਤੇ ਹਿੱਸੇ ਬਾਰੇ ਲੋਕਾਂ ਵਿਚ ਜਾਗਰਤੀ ਆਵੇਗੀ। ਪਰ ਇਹਦੇ ਨਾਲ ਅਸਲੀ ਹਾਲਤ ਵਿਚ ਕੋਈ ਤਬਦੀਲੀ ਆਵੇ, ਇਸ ਦੀ ਆਸ ਰੱਖਣਾ ਜਾਗਦਿਆਂ ਸੁਪਨੇ ਲੈਣ ਵਾਲੀ ਗੱਲ ਹੈ। ਬੱਚਿਆਂ ਦੀ ਅਧੋਗਤੀ ਦਾ ਵੱਡਾ ਕਾਰਨ ਲੋਕਾਂ ਦਾ ਇਸ ਤੋਂ ਅਣਜਾਣ ਹੋਣਾ ਨਹੀਂ ਸਗੋਂ ਆਰਥਿਕ ਨਾਬਰਾਬਰਤਾ ਹੈ। ਦੁਨੀਆਂ ਦਾ ਕੋਈ ਵੀ ਮਾਂ-ਬਾਪ ਇਹ ਨਹੀਂ ਚਾਹੇਗਾ ਕਿ ਉਹਨਾਂ ਦਾ ਬੱਚਾ ਉਹਨਾਂ ਦੇ ਸਾਹਮਣੇ ਭੁੱਖ ਨਾਲ ਤੜਫਦਾ ਮਰ ਜਾਵੇ ਜਾਂ ਸਾਰੀ ਉਮਰ ਗੁਲਾਮੀ ਦੀ ਤੇ ਨਰਕ ਦੀ ਜ਼ਿੰਦਗੀ ਜਿਉਂਦੇ। ਪਰ ਫੇਰ ਵੀ ਗਰੀਬਾਂ ਦੇ ਬੱਚੇ ਭੁੱਖ ਤੇ ਬਿਮਾਰੀਆਂ ਨਾਲ ਨਿੱਤ ਮਰਦੇ ਹਨ ਤੇ ਜਿਹੜੇ ਬਚਦੇ ਹਨ ਉਹ ਅਮੀਰਾਂ ਦੀ ਜੂਠ ਤੇ ਜ਼ਿੰਦਗੀ ਕੱਟਦੇ ਹਨ। ਆਰਥਕ ਨਾਬਰਾਬਰਤਾ ਦਾ ਹੀ ਕਾਰਨ ਹੈ ਕਿ ਗਰੀਬ ਮੁਲਕਾਂ ਵਿਚ ਵੀ ਅਮੀਰਾਂ ਲਈ ਹਰ ਕਿਸਮ ਦੀਆਂ ਸਹੂਲਤਾਂ ਪੈਦਾ ਕੀਤੀਆਂ ਜਾਂਦੀਆਂ ਹਨ ਤੇ ਦੂਜੇ ਪਾਸੇ ਅਮੀਰ ਮੁਲਕਾਂ ਵਿਚ ਗਰੀਬਾਂ ਦੇ ਬੱਚਿਆਂ ਦੀ ਹਾਲਤ ਕਾਫੀ ਪਤਲੀ ਹੈ।

ਬੱਚੇ ਭਵਿੱਖ ਦੇ ਵਾਰਿਸ ਹੁੰਦੇ ਹਨ। ਹਰ ਕੌਮ, ਹਰ ਸਮਾਜ ਵੱਖੋ ਵਖਰੇ ਤਰੀਕਿਆਂ ਨਾਲ ਬੱਚਿਆਂ ਨੂੰ ਸਾਂਭਦਾ ਤੇ ਪਾਲਦਾ ਹੈ। ਕਿਸੇ ਵੀ ਕੌਮ ਦੇ ਲੋਕਾਂ ਦਾ ਬੱਚਿਆਂ ਵੱਲ ਰਵੱਈਆ ਉਹਨਾਂ ਦੇ ਧਰਮ, ਰਸਮਾਂ-ਰਿਵਾਜਾਂ ਤੇ ਉਹਨਾਂ ਦੀਆਂ ਆਰਥਿਕ ਲੋੜਾਂ ਤੇ ਨਿਰਭਰ ਹੁੰਦਾ ਹੈ। ਬੱਚਿਆਂ ਦੀ ਦੇਖਭਾਲ ਵਿਚ ਸਭ ਤੋਂ ਵੱਡਾ ਫਰਕ (ਭਾਵੇਂ ਉਹ ਕੌਮਾਂ ਵਿਚਾਲੇ ਹੋਵੇ ਭਾਵੇਂ ਇਕ ਕੌਮ ਦੇ ਲੋਕਾਂ ਵਿਚਾਲੇ)

ਉਹਨਾਂ ਦੀਆਂ ਆਰਥਿਕ ਹਾਲਤਾਂ ਹੀ ਪਾਉਂਦੀਆਂ ਹਨ। ਇਸੇ ਕਰਕੇ ਦੁਨੀਆਂ ਦੇ ਗਰੀਬ ਬੱਚੇ ਹੀ ਸੱਭ ਤੋਂ ਵੱਧ ਅਣਗੌਲੇ ਜਾਂਦੇ ਹਨ ਤੇ ਭੁੱਖ ਅਤੇ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ।

ਦੁਨੀਆਂ ਦੇ ਬੱਚਿਆਂ ਦੀ ਸਭ ਤੋਂ ਵੱਡੀ ਏਜੰਸੀ (UNICEF) ਵਲੋਂ ਵੀ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਤਰੱਕੀ ਕਰ ਰਹੇ ਮੁਲਕਾਂ (DEVELOPING COUNTRIES) ਦੇ ਬੱਚਿਆਂ ਦੀ ਹਾਲਤ ਵੱਲ ਵੱਧ ਧਿਆਨ ਦੇਣਾ ਚਾਹੀਦਾ ਹੈ। ਪਰ ਜੇ ਗਰੀਬੀ ਤੇ ਅਮੀਰੀ ਦਾ ਪਾੜਾ ਮੁਲਕਾਂ ਵਿਚਾਲੇ ਵੀ ਤੇ ਲੋਕਾਂ ਵਿਚਾਲੇ ਵੀ ਜਿਉਂ ਦਾ ਤਿਉਂ ਕਾਇਮ ਰਿਹਾ ਤਾਂ ਬੱਚਿਆਂ ਦੀ ਹਾਲਤ ਸੁਧਰਨ ਦੇ ਬਹੁਤੇ ਆਸਾਰ ਨਜ਼ਰ ਨਹੀਂ ਆਉਂਦੇ। ਉਸੇ ਤਰ੍ਹਾਂ ਜਿਵੇਂ ਔਰਤਾਂ ਦਾ ਵਰ੍ਹਾ ਮਨਾਉਣ ਨਾਲ ਦੁਨੀਆਂ ਦੀਆਂ ਔਰਤਾਂ ਦੀ ਹਾਲਤ ਵਿਚ ਬਹੁਤ ਫ਼ਰਕ ਨਹੀਂ ਪਿਆ। ਜਿਹੜੀ ਔਰਤ ਰੋਟੀ-ਪਾਣੀ ਲਈ ਕਿਸੇ ਹੋਰ ਤੇ ਨਿਰਭਰ ਹੈ ਉਹਦੀ ਹਾਲਤ ਜਿਉਂ ਦੀ ਤਿਉਂ ਹੈ।

ਗੱਲ ਬੱਚਿਆਂ ਦੀ ਹੋਵੇ, ਔਰਤਾਂ ਦੀ ਹੋਵੇ ਜਾਂ ਸਮੁੱਚੇ ਲੋਕਾਂ ਦੀ ਜਿੰਨਾ ਚਿਰ ਮੁੱਢਲੇ ਢਾਂਚੇ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਉਨਾਂ ਚਿਰ ਇਕੱਲੇ ਬੱਚਿਆਂ ਜਾਂ ਔਰਤਾਂ ਦੀ ਹਾਲਤ ਨਹੀਂ ਸੁਧਾਰੀ ਜਾ ਸਕਦੀ। ਉਦਾਹਰਣ ਵਜੋਂ ਅਮਰੀਕਾ ਤੇ ਭਾਰਤ ਬਾਰੇ ਗੱਲ ਕਰ ਸਕਦੇ ਹਾਂ। ਭਾਰਤ ਇਕ ਤਰੱਕੀ ਕਰ ਰਿਹਾ ਮੁਲਕ (DEVELOPING COUNTRY) ਹੈ। ਉਥੇ ਦੇ ਗਰੀਬ ਬੱਚਿਆਂ ਦੀ ਹਾਲਤ ਦਾ ਸਭ ਨੂੰ ਪਤਾ ਹੈ। ਪਰ ਉਥੇ ਕਈਆਂ ਲੋਕਾਂ ਦੀ ਸੋਚ ਇਹ ਹੈ ਕਿ ਜੇ ਦੇਸ਼ ਤਰੱਕੀ ਕਰ ਜਾਵੇ ਤਾਂ ਉਹਨਾਂ ਦੀਆਂ ਇਸ ਕਿਸਮ ਦੀਆਂ ਹਾਲਤਾਂ ਦਾ ਸੁਧਾਰ ਹੋ ਜਾਵੇਗਾ। ਦੂਜੇ ਪਾਸੇ ਅਮਰੀਕਾ ਦੁਨੀਆਂ ਦੇ ਸਭ ਤੋਂ ਵੱਧ ਤਰੱਕੀ ਕਰ ਚੁੱਕਾ ਮੁਲਕ ਹੈ। ਪਰ ਜੇ ਅਸੀਂ ਅਮਰੀਕਾ ਦੇ ਬੱਚਿਆਂ ਬਾਰੇ ਖੋਜ ਕਰੀਏ ਤਾਂ ਬਹੁਤ ਹੀ ਅਣਮਨੁੱਖੀ ਗੱਲਾਂ ਨਜ਼ਰ ਆਉਂਦੀਆਂ। ਕੈਲੇਫੋਰਨੀਆਂ ਤੋਂ ਨਿਕਲਦੇ ਇਕ ਪਰਚੇ 'THE PLAIN TRUTH' (OCT. / NOV. 77) ਵਿਚ ਦਿੱਤੇ ਅੰਕੜਿਆਂ ਮੁਤਾਬਕ ਇੱਕ ਸਾਲ ਦੀ ਉਮਰ ਤੋਂ ਲੈ ਕੇ ਸਤਾਰਾਂ ਸਾਲ ਦੀ ਉਮਰ ਤੱਕ ਦੇ ਮੁੰਡੇ ਕੁੜੀਆਂ ਨੂੰ ਨੰਗੀਆਂ ਫਿਲਮਾਂ, ਬਣਾਉਣ ਲਈ, ਮੈਗਜ਼ੀਨਾਂ ਵਿਚਲੀਆਂ ਤਸਵੀਰਾਂ ਲਈ ਤੇ ਆਦਮੀਆਂ ਦੀ ਸਰੀਰਕ ਭੁੱਖ ਲਾਹੁਣ ਲਈ ਵਰਤਿਆ ਜਾਂਦਾ ਹੈ। ਬੱਚਿਆਂ ਦੀਆਂ ਨੰਗੀਆਂ ਤਸਵੀਰਾਂ ਵਾਲੇ ਢਾਈ ਸੌ ਦੇ ਕਰੀਬ ਮੈਗਜ਼ੀਨ ਹਨ। ਇਸ ਕੰਮ ਵਿਚ ਲੱਖਾਂ ਮੁੰਡੇ ਕੁੜੀਆਂ ਫਸੇ ਹੋਏ ਹਨ। ਇਕੱਲੇ ਨਿਊਯਾਰਕ ਵਿਚ ਇਕ ਲੱਖ ਵੀਹ ਹਜ਼ਾਰ ਬੱਚੇ ਇਸ ਕੰਮ ਲਈ ਵਰਤੇ ਜਾ ਰਹੇ ਹਨ। ਅਮਰੀਕਾ ਦੇ ਕਾਮ ਤੇ ਨਸ਼ੇ ਦਾ ਧੰਦਾ ਕਰਨ ਵਾਲੇ ਬੱਚਿਆਂ ਦੀ ਇਸ ਕਿਸਮ ਦੀ ਵਰਤੋਂ ਰਾਹੀਂ ਹਰ ਵਰ੍ਹੇ ਕਰੋੜਾਂ ਡਾਲਰ ਕਮਾਉਂਦੇ ਹਨ। ਇਸ ਤੋਂ ਬਿਨਾਂ 'ਰੈੱਡ ਇੰਡੀਅਨ', ਕਾਲਿਆਂ, ਮੈਕਸੀਕਨਾਂ ਤੇ ਹੋਰ ਘੱਟ ਗਿਣਤੀ ਲੋਕਾਂ ਦੇ ਬੱਚਿਆਂ ਦੀ ਹਾਲਤ ਕਾਫ਼ੀ ਤਰਸਯੋਗ ਹੈ।

ਭਾਰਤ ਤੇ ਅਮਰੀਕਾ ਦੀ ਉਦਾਹਰਣ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਸਿਰਫ਼ ਤਰੱਕੀ ਕਰਨ ਨਾਲ ਕਿਸੇ ਵੀ ਸਮਾਜ ਨੂੰ ਸੋਹਣਾ ਨਹੀਂ ਬਣਾਇਆ ਜਾ ਸਕਦਾ। ਲੋੜ ਹੈ ਮੁੱਢਲੀ ਸੋਚ ਤੇ ਢਾਂਚੇ ਨੂੰ ਤਬਦੀਲ ਕਰਨ ਦੀ। ਬੱਚਿਆਂ ਦੇ ਅਧਿਕਾਰਾਂ ਤੇ ਲੋੜਾਂ ਉੱਤੇ ਵਿਚਾਰ ਕਰਦੇ ਸਮੇਂ ਇਹ ਗੱਲ ਭੁੱਲ ਨਹੀਂ ਜਾਣੀ ਚਾਹੀਦੀ ਕਿ ਬੱਚੇ ਸਮੁੱਚੇ ਸਮਾਜ ਦਾ ਅੰਗ ਹਨ। ਤੇ ਬੱਚਿਆਂ ਦੀ ਹਾਲਤ ਇਕ ਹੋਰ ਕਾਰਨ ਹੈ ਕਿ ਇਸ ਸਮਾਜਕ ਤੇ ਆਰਥਿਕ ਢਾਂਚੇ ਨੂੰ ਤਬਦੀਲ ਕਰਨ ਦੀ ਲੋੜ ਹੈ। ਅਤੇ ਇਥੇ ਇਹ ਗੱਲ ਕਹਿਣੀ ਜ਼ਰੂਰੀ ਹੈ ਕਿ ਬੱਚਿਆਂ ਦੇ ਕੌਮਾਂਤਰੀ ਵਰ੍ਹੇ ਨੂੰ ਮਨਾਉਣ ਵਿਚ ਵੱਧ ਤੋਂ ਵੱਧ ਹਿੱਸਾ ਲੈਣਾ ਚਾਹੀਦਾ ਹੈ। ਇਸ ਬਾਰੇ ਪੜ੍ਹਨਾ, ਲਿਖਣਾ ਤੇ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ ਤਾਂ ਕਿ ਇਸ ਗੱਲ ਤੋਂ ਜਾਣੂ ਹੋਇਆ ਜਾ ਸਕੇ ਕਿ ਸਾਡੇ ਭਵਿੱਖ ਦੇ ਵਾਰਿਸਾਂ ਨੂੰ ਕਿਹਨਾਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਤੇ ਉਹਨਾਂ ਤਕਲੀਫ਼ਾਂ ਦਾ ਹੱਲ ਕੀ ਹੈ।

— ਸਾਧੂ

## ਈਰਾਨੀ ਕਵਿਤਾ

# ਫ਼ੱਖਰ

(ਇਹ ਕਵਿਤਾ ਈਰਾਨ ਦੀ ਗੁਰੀਲਾ ਜਥੇਬੰਦੀ ਦੀ ਮੈਂਬਰ ਬੀਬੀ ਖ਼ਾਰਜ਼ੀਹਾ
ਅਹਿਮਦੀ ਨੇ ਲਿਖੀ ਸੀ ਜਿਸ ਨੂੰ ਸ਼ਾਹ ਦੇ ਏਜੰਟਾਂ ਨੇ ਕਤਲ ਕਰ ਦਿੱਤਾ ਸੀ)

ਮੈਂ ਇਕ ਮਾਂ
ਮੈਂ ਇਕ ਭੈਣ ਹਾਂ
ਇਕ ਔਰਤ ਹਾਂ ਮੈਂ
ਜਿਸਨੇ ਜਿਹਨ ਸਮੇਂ ਤੋਂ ਹੀ
ਥਲਾਂ ਦੀ ਤੱਤੀ ਰੇਤ ਵਿਚ
ਪੈਰ ਲੂਹੇ ਨੇ, ਛਾਲੇ ਛਾਲੇ

ਮੈਂ ਹਾਂ ਉੱਤਰ ਦੇ ਇਕ ਛੋਟੇ ਪਿੰਡ ਦੀ ਜੰਮ ਪਲ
ਘਾਇਲ ਹੋ ਹੋ ਖੇਤਾਂ ਦੇ ਵਿਚ ਕੰਮ ਹੈ ਕੀਤਾ
ਤੇ ਆਪਣੇ ਸਾਰੇ ਦਿਨ ਦੇ ਕੰਮ ਦੇ ਬਦਲੇ
ਢਿਡ ਦਾ ਕੇਵਲ ਝੁਲਕਾ ਲੀਤਾ

ਮੈਂ ਪੂਰਬ ਦੀਆਂ ਢਲਾਨਾਂ ਤੋਂ ਹਾਂ ਤੁਰੀ
ਓਦੋਂ ਸਾਂ ਇਕ ਨਿੱਕੀ ਜਿਹੀ ਕੁੜੀ
ਹਨੇਰੀਆਂ ਤੇ ਝੱਖੜਾਂ ਵਿਚ ਪਲੀ
ਭੁੱਖੀ ਤੇ ਪਿਆਸੀ ਮਰੀ

ਮੈਂ ਹਾਂ ਫਿਰਤੂ ਕਬੀਲੇ ਦੀ ਔਰਤ
ਜਿਹੜਾ ਪਹਾੜਾਂ ਤੇ ਮੈਦਾਨਾਂ ਨੂੰ ਟਪਰੀਆਂ ਨਾਲ ਸਜਾਵੇ
ਤੇ ਟਪਰੀਵਾਸ ਕਬੀਲਾ ਕਹਾਵੇ
ਪਹਾੜਾਂ ਵਿਚ ਬਕਰੀਆਂ ਜਵਾਨੀ ਚੜ੍ਹਾਵੇ
ਤੇ ਮੈਦਾਨਾਂ ਵਿਚ ਲਿਆ ਵੇਚ ਗਵਾਵੇ

ਮੈਂ ਇਕ ਔਰਤ ਹਾਂ
ਜਿਸਦੇ ਕਮਾਊ ਹੱਥ
ਫੈਕਟਰੀ ਦੀਆਂ ਵਡੀਆਂ ਮਸ਼ੀਨਾਂ ਚਲਾਉਂਦੇ

ਮੇਰੀਆਂ ਅੱਖਾਂ ਦੇ ਅੱਗੇ
ਹਰ ਪਲ ਪੈਦਾਵਾਰ ਵਧਦੀ
ਤੇ ਹਰ ਰੋਜ਼ ਮੇਰੀ ਉਮਰ ਘਟਦੀ

ਹਾਂ ਮੈਂ ਇਕ ਔਰਤ ਹਾਂ
ਜਿਸ ਬਾਰੇ ਤੁਹਾਡੀ ਸ਼ਰਮਨਾਕ ਡਿਕਸ਼ਨਰੀ ਵਿਚ
ਇਕ ਵੀ ਸ਼ਬਦ ਨਹੀਂ
ਮੇਰੀ ਅਹਿਮੀਅਤ ਦੇ ਤੁੱਲ

ਤੇ ਤੁਹਾਡੀ ਡਿਕਸ਼ਨਰੀ ਵਿਚ
ਕੇਵਲ ਓਹੀ ਔਰਤ ਬੋਲਦੀ ਹੈ
ਜਿਸ ਦੇ ਹਥ ਸਾਫ਼ ਨੇ
ਜੋ ਦੁਬਲੀ ਪਤਲੀ ਹੈ
ਤੇ ਜਿਸ ਦਾ ਨਰਮ ਹੈ ਜਿਸਮ

ਤੇ ਮੈਂ ਔਰਤ ਹਾਂ
ਜਿਸ ਦੇ ਹੱਥ ਛਾਲਿਆਂ ਭਰੇ
ਕੰਮ ਦੇ ਭਾਰ ਹੇਠ ਦਬਿਆ ਜਿਸਮ
ਹੋਇਆ ਹੈ ਚੂਰ ਤੇ ਨਢਾਲ

ਮੈਂ ਉਹ ਔਰਤ ਹਾਂ
ਜਿਸਦੀ ਜਿਸਮ ਦੀ ਖਲ
ਹੈ ਥਲਾਂ ਦੀ ਧੁੱਪ ਦਾ ਅਕਸ
ਤੇ ਜਿਸ ਦੇ ਵਾਲਾਂ ਚੋਂ ਉੱਠੇ ਫੈਕਟਰੀ ਦਾ ਧੂਆਂ

ਮੈਂ ਇਕ ਆਜ਼ਾਦ ਔਰਤ ਹਾਂ
ਜੋ ਆਪਣੀ ਜਵਾਨੀ ਦੇ ਦਿਨਾਂ ਤੋਂ
ਆਪਣੇ ਭਰਾਵਾਂ ਤੇ ਸਾਥੀਆਂ ਨਾਲ
ਪਹਾੜਾਂ ਤੇ ਮੈਦਾਨਾਂ ਵਿਚ ਜੂਝ ਰਹੀ ਹਾਂ
ਆਜ਼ਾਦੀ ਤੇ ਮੁਕਤੀ ਦੇ ਗੀਤ ਗਾਉਂਦੀ

ਤੇ ਮੈਂ ਹਾਂ ਔਰਤ.
ਮਜ਼ਦੂਰ ਦੇ ਮਜ਼ਬੂਤ ਬਾਜ਼ੂਆਂ ਦੀ ਰਚਣਹਾਰੀ
ਕਿਸਾਨ ਦੇ ਸ਼ਕਤੀਸ਼ਾਲੀ ਹੱਥਾਂ ਦੀ ਬਣੌਣ ਹਾਰ

ਤੇ ਮੈਂ ਖ਼ੁਦ ਆਪਣੇ ਹੱਥ ਘਸਾਏ ਨੇ
ਕਿਸਾਨ ਬਣਕੇ ਖੇਤਾਂ ਵਿਚ ਪੈਰ ਘਸਾਏ
ਮੁਢਾਂ ਦੇ ਬੁਥਿਆਂ ਨਾਲ ਛਾਲੇ ਪਵਾਏ ਨੇ
ਮੇਰਾ ਜਿਸਮ ਦਰਦ ਦਾ ਸਾਕਾਰ ਰੂਪ
ਮੇਰਾ ਜਿਸਮ ਰੋਹ ਦੀ ਅੱਗ ਉਗਲੇ

ਤੁਹਾਡਾ ਇਹ ਸੰਕਲਪ ਹੈ ਕਿੰਨਾ ਸ਼ਰਮਨਾਕ
ਕਿ ਮੇਰੀ ਭੁਖ ਹੈ ਇਕ ਛਲਾਵਾ
ਤੇ ਮੇਰਾ ਨੰਗਾਪਨ ਹੈ ਇਕ ਸੁਪਨਾ

ਮੈਂ ਇਕ ਅਜੇਹੀ ਔਰਤ ਹਾਂ
ਜਿਸ ਬਾਰੇ ਤੁਹਾਡੀ ਡਿਕਸ਼ਨਰੀ ਵਿਚ
ਮੇਰੀ ਅਹਿਮੀਅੱਤ ਦੇ ਤੁਲ
ਇਕ ਵੀ ਸ਼ਬਦ ਨਹੀਂ

ਮੈਂ ਇਕ ਔਰਤ ਹਾਂ
ਜਿਸਦੀ ਛਾਤੀ ਅੰਦਰ ਦਿਲ ਹੈ
ਜਿਸ ਵਿਚ ਗੁਸੇ ਦੇ ਜ਼ਖਮਾਂ ਦੀ ਜਵਾਲਾ ਹੈ
ਜਿਸਦੀਆਂ ਅੱਖਾਂ ਵਿਚ ਲਾਲ ਜੋਤ ਹੈ
ਮੁਕਤੀ ਦੇ ਸੂਹੇ ਬਾਰੂਦ ਦੀ

ਮੈਂ ਇਕ ਔਰਤ ਹਾਂ
ਜਿਸਦੇ ਕਾਮੇ ਹਥਾਂ ਨੇ ਸਿਖ ਲਿਆ ਹੈ
ਬੰਦੂਕ ਚੁਕਣ ਦਾ ਵਲ
ਤੇ ਜਿਸਦੀਆਂ ਅੱਖਾਂ ਵਿਚ
ਰੜਕ ਹੈ ਤੇ ਬਾਹਾਂ ਵਿਚ ਬਲ

(ਪੰਜਾਬੀ ਰੂਪ : ਸੁਹੇਲ ਸਿੰਘ)

# ਅੱਜ ਦੀ ਡਾਕ

(ਆਪਣੇ ਛੋਟੇ ਬੱਚੇ ਦੇ ਨਾਂ)

—ਲਾਟ ਭਿੰਡਰ

ਚਾਰ ਚਿੱਠੀਆਂ ਅੱਜ ਦੀ ਡਾਕ 'ਚ ਆਈਆਂ ਨੇ
ਇਕ ਚਿੱਠੀ ਤੇਰੇ ਦਾਦੇ ਦੀ ਏ
ਲਿਖਿਆ ਏ ਕਿ ਤੇਰੀ ਦਾਦੀ ਨੇ
ਪੋਤਾ ਹੋਣ ਦੀ ਖ਼ਬਰ ਸੁਣਦੇ ਹੀ
ਭਾਰੀ ਖੁਸ਼ੀ ਮਨਾਈ ਏ।
ਸਾਰੀ ਬਰਾਦਰੀ ਤੇ ਹੋਰ ਸਬੰਧੀਆਂ ਨੂੰ
ਲੱਡੂ ਵੰਡੇ ਨੇ।
ਹਰ ਲੰਘਦੀ ਗੁਆਂਢਣ ਨੂੰ ਚਾਅ ਨਾਲ ਦੱਸਦੀ ਏ
ਤੇਰਾ ਕਨੇਡਿਓਂ ਤਾਰ ਆਈ ਏ ਮੁੰਡੇ ਦੀ
ਰੱਬ ਦਾ ਲੱਖ ਲੱਖ ਸ਼ੁਕਰ ਏ
ਇਕ ਜੀਅ ਦਿੱਤਾ ਸੂ।

ਤੇਰੇ ਨਾਨਕਿਆਂ ਤੋਂ ਆਈ ਦੂਜੀ ਚਿੱਠੀ 'ਚ ਵੀ
ਅਜਿਹਾ ਹੀ ਲਿਖਿਆ ਏ ਕੁੱਝ।
ਤੇਰੀ ਨਾਨੀ ਨੇ ਵੀ ਬੜੇ ਚਾਅ ਕੀਤੇ ਨੇ
ਤੇ ਕਈ ਸੁੱਖਣਾ ਪੂਰੀਆਂ ਕੀਤੀਆਂ ਨੇ।
ਕਿੰਨੀ ਖੁਸ਼ੀ ਮਨਾਈ ਏ ਸਭਨੇ ਤੇਰੇ ਜਨਮ ਦੀ।

ਤੀਜੀ ਚਿੱਠੀ ਟੈਲੀਫੂਨ ਕੰਪਨੀ ਨੇ ਭੇਜੀ ਏ
ਪਿਛਲੇ ਮਹੀਨੇ ਬਿੱਲ ਨਹੀਂ ਸੀ ਦੇ ਹੋਇਆ
ਤੇ ਉਹਦਾ ਨੋਟਿਸ ਆ ਗਿਆ ਏ।
ਚੌਥੀ ਚਿੱਠੀ ਕਿਸ ਦੀ ਏ?
ਖੋਲ੍ਹ ਕੇ ਪੜ੍ਹਦਾਂ।
ਇਸੇ ਸ਼ਹਿਰ ਦੀ ਸੇਵਾ ਸੰਮਤੀ ਵਾਲਿਆਂ ਦੀ ਲਗਦੀ ਏ
ਦੁਨੀਆਂ 'ਚ ਭੁੱਖ ਨਾਲ ਵਿਲਕਦੇ
ਨੰਗ-ਮੁਨੰਗੇ ਬੱਚਿਆਂ ਦੀ ਸਹਾਇਤਾ ਲਈ
ਪੈਸਿਆਂ ਜਾਂ ਕਪੜਿਆਂ ਦੀ ਮੰਗ ਕੀਤੀ ਏ।
ਤੇਰੀ ਮਾਂ ਨੇ ਪਹਿਲੀਆਂ ਦੋ ਚਿੱਠੀਆਂ
ਬੜੇ ਚਾਅ ਨਾਲ ਪੜ੍ਹੀਆਂ ਨੇ
ਤੇਰੇ ਨਾਨੇ ਵਾਲੀ ਚਿੱਠੀ ਤਾਂ
ਦੁਬਾਰਾ ਵੀ ਪੜ੍ਹ ਚੁੱਕੀ ਏ ਉਹ।

ਤੀਜੀ ਚਿੱਠੀ ਬਾਰੇ ਮਾਮੂਲੀ ਜਿਹਾ ਪੁੱਛਿਆ ਏ
ਪਰ ਉਹਨੂੰ ਬਿੱਲ ਦੇ ਨੋਟਿਸ ਨਾਲ ਕੀ ਵਾਸਤਾ।
ਚੌਥੀ ਚਿੱਠੀ ਬਾਰੇ ਅਜੇ ਮੈਂ ਦੱਸਣ ਹੀ ਲੱਗਾ ਹਾਂ
ਕਿ ਬਾਹਰੋਂ ਨੰਗੇ ਬੱਚੇ ਦੀ ਫੋਟੋ ਵੇਖ ਕੇ ਹੀ
ਪਰ੍ਹਾਂ ਸੁੱਟ ਗਈ ਏ ਇੰਨਾ ਕਹਿੰਦੀ ਹੋਈ—
'ਪਹਿਲਾਂ ਜੰਮਣੋਂ ਨਹੀਂ ਹਟਦੇ
ਫਿਰ ਲੋਕਾਂ ਤੋਂ ਕਪੜਾ ਰੋਟੀ ਮੰਗਦੇ ਆ
ਕਦੇ ਟੀ. ਵੀ. ਤੇ ਨੰਗੇ ਤੇ ਭੁੱਖੇ ਮਰਦੇ ਅੰਞਾਣੇ
ਵਿਖਾਈ ਜਾਣਗੇ।'
ਮੈਂ ਵੀ ਚਿੱਠੀ ਪੜ੍ਹ ਕੇ ਪਰ੍ਹਾਂ ਰਖ ਦਿੱਤੀ ਏ।
ਪਹਿਲੀਆਂ ਪੜ੍ਹੀਆਂ ਦੋਹਾਂ ਚਿੱਠੀਆਂ ਦੀ ਖੁਸ਼ੀ 'ਚ
ਪਿਛਲੀਆਂ ਦੋਹਾਂ ਦਾ ਫ਼ਿਕਰ ਮੁੱਕ ਗਿਆ ਏ
ਦੁਚਿੱਤੀ ਜਿਹੀ 'ਚ ਸੋਚੀਂ ਪੈ ਜਾਂਦਾ ਹਾਂ
ਬਾਹਰ ਸਾਂਝੀ ਲਾਅਨ 'ਚ ਰੁੱਖਾਂ 'ਚ ਫਲ ਲਈ
ਭਵਿੱਖ ਤੋਂ ਅਣਜਾਣ ਗੋਰਿਆਂ ਦੇ ਬੱਚੇ ਖੇਡਦੇ ਨੇ
ਅਚਾਨਕ ਭੁੱਖ ਚ ਵਿਲਕਦੀਆਂ
- ਨੰਗੀਆਂ ਮੁੰਨੀਆਂ ਸ਼ਕਲਾਂ
ਜ਼ਿਹਨ 'ਚ ਆ ਵੜਦੀਆਂ ਨੇ
- ਅੱਖੋਪਲੇ ਜਿਹੇ ਕਿਧਰੇ
ਤੇ ਨੰਗ-ਮੁਨੰਗਾ ਭੁੱਖਾ ਬੱਚਾ
-ਮੇਰੀਆਂ ਅੱਖਾਂ ਵਿਚਦੀ ਰੋਂਦਾ ਹੈ
ਦੁਪਿਹਰ ਦੇ ਚਿੱਟੇ ਚਾਨਣ 'ਚ ਜਿਵੇਂ
ਹਨੇਰੇ ਦਾ ਪਹੀਆ ਘੁੰਮਦਾ ਹੈ
ਮੇਰੇ ਸੁਪਨੇ ਦੀ ਸੁੱਤੀ ਹੋਈ ਚੁੱਪ ਨੂੰ
ਜਿਵੇਂ ਕੋਈ ਜ਼ੋਰ ਦੀ ਝੰਜੋੜਦਾ ਹੈ
ਤੇ ਸੋਚ ਮੇਰੀ ਲੋਚਦੀ ਹੈ:
ਕਿਧਰੇ ਤੂੰ ਵੀ ਮੇਰੇ ਬੱਚੇ
ਮੇਰੇ ਵਾਂਗ ਕੱਲ੍ਹ ਨੂੰ
ਭੁੱਖ ਨੰਗ ਨਾਲ ਲੜਦਾ ਬੱਚਾ ਨਾ ਦੇਖੇਂ।
ਕੀ ਇਸ ਰੋਗ ਦਾ ਕਾਰਨ
ਬਹੁਤੇ ਬੱਚਿਆਂ ਨੂੰ ਜਨਮ ਦੇਣਾ ਹੈ?
ਕੀ ਇਸ ਦਾ ਇਲਾਜ
ਲੋਕਾਂ ਨੂੰ ਬੱਚੇ ਜੰਮਣੋਂ ਰੋਕਣਾ ਹੈ?
ਜਾਂ ਕਿ ਜੋਕਾਂ ਨੂੰ ਬੱਚੇ ਜੰਮਣੋਂ ਰੋਕਣਾ ਹੈ
ਜਿਨ੍ਹਾਂ ਨੂੰ ਆਦਤ ਹੈ
- ਬੇਗਾਨੀ ਮਿਹਨਤ ਤੇ ਪਲਣ ਦੀ ੦

ਪੰਜਾਬੀ ਲਿਟਰੇਰੀ ਐਸੋਸੀਏਸ਼ਨ
ਵੈਨਕੂਵਰ ਦੀ ਮਾਸਿਕ ਮੀਟਿੰਗ
ਹਰ ਦੂਜੇ ਐਤਵਾਰ ਸ਼ਾਮ
ਇੰਡੀਅਨ ਫੂਡ ਰੈਸਟੋਰੈਂਟ ਨੰਬਰ-
ਵੰਨ ਸਾਊਥ 6470 ਵਿਕਟੋਰੀਆ
ਡਰਾਈਵ (VICTORIA AND
49TH AVE) ਤੇ ਹੁੰਦੀ ਹੈ।
ਸਾਹਿਤ ਨਾਲ ਮੋਹ ਰੱਖਣ
ਵਾਲੇ ਦੋਸਤਾਂ ਨੂੰ ਸੱਦਾ ਦਿੱਤਾ
ਜਾਂਦਾ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ ਸੁਖਵੰਤ ਹੁੰਦਲ
—321-9221

ਭਾਰਤੀ ਆਰਟ ਜਿਊਲਰਜ਼
ORIENTAL SILVER AND GOLD JEWELRY REPAIRING

BHARTI ART JEWELLERS
*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

# ਬਸ਼ੀਰਾਂ ਦੇ ਨਾਂ

—ਹਰਦੇਵ ਦਫ਼ੈਚ

ਤੇਰੇ ਪਿਖਾਂ, ਤੇਰਾ ਗਰਾਂ,
ਮਾਸੂਮੀਆਂ ਦੀ ਹੈ ਸਰਾਂ।

ਦੁੱਧ ਚਿੱਟੀ ਚਾਨਣੀ ਵਿਚ
ਚੁੱਪ ਭਰਿਆ, ਦੁੱਖ ਭਰਿਆ,
ਸੋਗ ਭਰਿਆ, ਰੋਗ ਭਰਿਆ,
ਸਹਿਮ ਭਰਿਆ, ਵਹਿਮ ਭਰਿਆ,
ਚਮਕਦਾ ਤੇਰਾ ਗਰਾਂ।
ਵਾਂਗ ਤੇਰੇ ਚੁੱਪ ਹੈ, ਗਮਗੀਨ ਹੈ।।

ਏਸ ਦੀ ਵੱਖੀ 'ਚ ਵਗਦੀ
ਨਦੀ ਦਾ ਵੈਰਿਆ ਇਹ ਵਹਿਣ,
ਪੱਥਰਾਂ ਸੰਗ ਖਹਿਣ ਦੀ,
ਪਾਣੀ ਦੀ ਸ਼ਾਂ ਸ਼ਾਂ।
ਤੜਕਸਾਰ ਸਰਹੱਦ ਪਾਰੋਂ
ਸੁਣ ਰਹੀ ਬਲਦਾਂ ਗਲੀਂ
ਟੱਲੀਆਂ ਦੀ ਟਨ ਟਨ,
ਕਾਲਜੇ ਨੂੰ ਧੂਹ ਹਨ ਪਾਉਂਦੇ
ਗੁਣ ਗੁਣਾਉਂਦੇ ਹਾਲੀ ਦੇ ਬੋਲ।

ਇਕ ਬੋਲੀ, ਇਕ ਮਾਂ ਦੇ
ਸਾਏ ਹੇਠ ਫੁੱਲੇ ਫਲੇ,
ਸਾਂਝੇ ਪਿਆਰਾਂ ਦੇ ਪਲੇ ਤੇਰੇ ਕਲੋਲ।

ਪਗਡੰਡੀ ਤੇ ਖੜੀ ਦੀ ਤੇਰੀ ਉਡੀਕ
ਅਡੋਲ ਬੁੱਤ ਦੀ ਤਸਵੀਰ।
ਹੱਦ 'ਤੇ ਕਿਉਂ ਗੱਡਿਆ ਤੇਰਾ ਸਰੀਰ।
ਬੇਸਬਰ ਮੇਰਾ ਸਬਰ,
ਗਮ ਖਾਣਾ, ਤੜਪਣਾ, ਦਮ ਤੋੜਨਾ,
ਕਬਰਸਤਾਨ 'ਚ ਉਸਰੀ ਤੇਰੀ ਕਬਰ।
ਯਾਦ ਕਰਦਾਂ ਅੱਜ ਜਦ
ਬਿਹਬਲ ਜਿਹੀ ਉਹ ਵੇਦਨਾ,
ਤਾਂ ਤਿਰੀ ਹੀ ਕਬਰ ਸੰਗ,
ਆਪਣੀ ਕਬਰ ਕਿਉਂ ਵੇਖਦਾਂ।

ਜੀਅ ਕਰਦਾ ਬੁੱਤ ਨੂੰ ਅਵਾਜ਼ ਦੇਵਾਂ,
ਜੀਭ ਨੂੰ ਪਰ ਆਪਣਾ ਹੀ ਸਹਿਮ ਹੈ,
ਸਹਿਮ ਹੈ ਅਵਾਜ਼ ਮੇਰੀ
ਬੁੱਤ ਦੇ ਅੰਗਾਂ ਨੂੰ ਛੂਹ ਕੇ ਟਕਰਾ ਕੇ
"ਬੁੱਤ ਪਾੜਿਆਂ" ਦੇ ਕੰਨੀਂ
ਨਾ ਪੈ ਜਾਵੇ ਕਿਤੇ।
ਸਹਿਮ ਹੈ ਕਿ "ਬੁੱਤ ਪਾੜੇ" ਇਹ ਅਵਾਜ਼
ਇਕ ਫੈਰੀ ਹੋਰ ਹੀ ਨਾ ਸਮਝ ਬੈਠਣ,
ਹੂਕ ਮੇਰੀ ਹਾਕ ਹੀ
ਬਣ ਕੇ ਨਾ ਰਹਿ ਜਾਵੇ ਕਿਤੇ।

ਜੀ ਕਰਦੈ ਬੁੱਤ ਨੂੰ
ਲੈ ਕਲਾਵੇ ਬੈਠ ਜਾਂ,
ਕੀ ਕਰਾਂ ਪਰ ਏਸ ਦੀ
ਪਾਕੀਜ਼ਗੀ ਦਾ ਸਹਿਮ ਹੈ।।

ਰਾਤ ਦੀ ਕਾਲਖਾਂ ਵਿਚ,
ਆਪਣੀ ਹੀ ਰਾਤ ਅੰਦਰ,
ਆਪਣੇ ਅੰਗਾਂ ਨੂੰ ਹੀ
ਮੈਂ ਅੰਗ ਤੇਰੇ ਸਮਝਦਾ ਹਾਂ।
ਆਪਣੇ ਅੰਗਾਂ ਨੂੰ ਹੀ
ਮੈਂ ਵੇਖਦਾ ਹਾਂ, ਚੁੰਮਦਾ ਹਾਂ।।

ਤੇਰੇ ਪਿਖਾਂ, ਤੇਰਾ ਗਰਾਂ
ਮਾਸੂਮੀਆਂ ਦੀ ਹੈ ਸਰਾਂ।

o

# ਪ੍ਰਮਾਣੂ ਯੁੱਗ ਤੋਂ ਸ਼ੀਸ਼ੇ ਦੇ ਯੁੱਗ ਤੱਕ

—ਗੁਰਦਿਆਲ ਸਿੰਘ ਕੰਵਲ

ਬਹੁਤ ਦੇਰ ਹੋਈ
ਸ਼ੀਸ਼ੇ ਵਿਚ ਆਪਣਾ
ਅਕਸ ਵੇਖਿਆਂ
ਪਤਾ ਨਹੀਂ
ਸ਼ੀਸ਼ਾ ਧੁੰਦਲਾ ਹੈ ਜਾਂ ਫਿਰ ਤਿੜਕਿਆ ਹੋਇਆ।
ਮੈਨੂੰ ਆਪਣਾ ਅਕਸ ਨਜ਼ਰ ਨਹੀਂ ਆਇਆ।
ਮੇਰਾ ਅਕਸ ਸ਼ੀਸ਼ੇ ਦੀ ਦ੍ਰਿਸ਼ਟੀ ਚੋਂ
ਆਪਣੀ ਵਿਥਿਆ ਬਣ
ਚੁੱਪ ਕਿਉਂ ਹੈ?
ਜਦੋਂ ਸ਼ੀਸ਼ੇ ਤੇ ਸੂਰਜ ਦਾ ਅਕਸ ਪੈਂਦਾ ਹੈ
ਤਾਂ ਸ਼ੀਸ਼ਾ ਅੱਗ ਵਾਂਗ ਸੜਦਾ ਹੈ
ਇਸ ਅੱਗ ਚੋਂ ਮੈਂ ਚੁੱਪ ਚਾਪ
ਆਪਣਾ ਅਕਸ ਭਾਲਦਾ ਹਾਂ
ਸਦੀ ਦਾ ਅੰਤ ਸਿਰ ਤੇ ਖੜ੍ਹਾ ਹੈ
ਸਮਾਂ ਆਪਣੀ ਸ਼ਕਤੀ ਚੋਂ
ਅੱਗ ਨੂੰ ਲਾਵੇ ਦਾ ਰੂਪ ਦਿੰਦਾ ਹੈ
ਪਰ ਇਸ ਪ੍ਰਮਾਣੂ ਯੁਗ ਚੋਂ
ਅੱਜ ਸ਼ੀਸ਼ੇ ਦਾ ਯੁੱਗ ਨਜ਼ਰ ਆਇਆ ਹੈ
ਵਿੱਥਾਂ ਦੇ ਨਾਲ ਇਹ ਭਰਿਆ ਸ਼ੀਸ਼ਾ
ਇਸ ਯੁੱਗ ਦਾ ਦਾਅਵਾ ਕਰਦਾ ਹੈ
ਆਪਣੀ ਚੁੱਪ ਨੂੰ ਇਹ
ਆਪਣੀ ਹੀ ਬੁੱਕਲ 'ਚ ਲੈ ਕੇ
ਇਹ ਕੇਹਾ ਅਰਥਾਂ ਦਾ ਖੰਡਨ ਹੈ।

o

# ਜਵਾਬ

– ਸਾਧੂ

ਸਾਡੇ ਬਾਰੇ ਤਾਂ ਤੁਸੀਂ ਅਕਸਰ
ਕੁੱਝ ਨਾ ਕੁੱਝ ਫਰਮਾਉਂਦੇ ਹੀ ਰਹਿੰਦੇ ਹੋ
ਜਿਹਦੇ ਵਿੱਚੋਂ ਜੇ ਚੰਗਾ ਚੰਗਾ ਕੱਢ ਵੀ ਦੇਈਏ
ਤਾਂ ਬਾਕੀ ਪੂਰੇ ਦਾ ਪੂਰਾ ਬਚ ਜਾਂਦਾ ਹੈ।

ਆਓ ਹੁਣ ਦੋ-ਤਰਫ਼ੀ ਗੱਲ ਕਰੀਏ
ਜਾਂ ਇੰਝ ਕਹਿ ਲਓ
ਤੁਹਾਡੇ ਬਾਰੇ ਅਸੀਂ ਵੀ ਕੁੱਝ 'ਫਰਮਾਉਣਾ' ਚਾਹੁੰਦੇ ਹਾਂ।

ਤੁਸੀਂ ਦਸਦੇ ਹੋ 'ਅਸੀਂ ਬਦਲ ਨਹੀਂ ਸਕਦੇ'
ਪਰ ਜਿੰਨਾ ਅਸੀਂ ਪਿੱਛੋਂ ਤੁਰ ਕੇ
ਵੈਨਕੂਵਰ ਤੱਕ ਬਦਲ ਜਾਂਦੇ ਹਾਂ
ਤੁਸੀਂ ਕਿੰਨਾਂ ਸਦੀਆਂ 'ਚ ਨਹੀਂ ਬਦਲੇ।
ਸਾਡੀਆਂ ਸਾੜ੍ਹੀਆਂ ਸਲਵਾਰਾਂ
ਤੁਹਾਡੇ ਮਾਂਗਵੇਂ ਸਭਿਆਚਾਰ ਦੇ
ਮੇਚ ਨਹੀਂਆਂ ਆਉਂਦੀਆਂ
ਪਰ ਕੀ ਤੁਸੀਂ 'ਟੀਪੀ' 'ਚ ਵੜ ਕੇ
ਸਿਰ 'ਤੇ ਖੰਭ ਲਾਏ ਸਨ?
ਮੀਂਹ ਵਰ੍ਹਾਉਣ ਲਈ ਨਾਚ ਕੀਤਾ ਸੀ?

ਸਾਡੀਆਂ ਕਈ ਆਦਤਾਂ
ਤੁਹਾਨੂੰ ਚੰਗੀਆਂ ਨਹੀਂ ਲਗਦੀਆਂ
ਪਰ ਅਜਿਹੇ ਮੌਕੇ
ਬੜੀ ਚਲਾਕੀ ਨਾਲ ਭੁੱਲ ਜਾਂਦੇ ਹੋ
ਉਸ ਅਜ਼ਾਦੀ ਦੀ ਗੱਲ
ਜਿਹੜੀ ਬਾਂਹਾਂ ਵਾਂਗ ਪੈਰਾਂ ਨਾਲ ਬੰਨ੍ਹੀ
ਦੁਨੀਆਂ 'ਚ ਸਭ ਤੋਂ ਉੱਚਾ ਦਿਸਣਾ ਚਾਹੁੰਦੇ ਹੋ
ਜਿਸ ਮੁਤਾਬਕ ਅਸੀਂ ਆਜ਼ਾਦ ਹਾਂ
-ਜੋ ਵੀ ਮਰਜ਼ੀ ਕਰਨ ਨੂੰ
ਪਰ ਲਗਦਾ ਹੈ
'ਜੋ ਵੀ ਮਰਜ਼ੀ' ਕਰਨ ਦਾ ਮਤਲਬ
ਸਿਰਫ਼ ਤੁਹਾਡੀ ਨਕਲ ਹੈ।
ਕੀ ਸਾਡੇ ਤੱਕ ਪਹੁੰਚਦਿਆਂ
ਤੁਹਾਡੀ ਆਜ਼ਾਦੀ ਘੱਸ ਜਾਂਦੀ ਹੈ?

ਤੁਹਾਡੀ ਹਰ ਗੱਲ 'ਚੋਂ ਸਾਫ਼ ਦਿਸਦਾ ਹੈ
'ਜਿਸ ਕੀ ਲਾਠੀ ਉਸ ਕੀ ਭੈਂਸ' ਦਾ ਫਲਸਫ਼ਾ
ਤਾਂਹੀਓਂ ਤਾਂ
ਹੁਣ ਜੇ ਤੁਹਾਡਾ ਕੁੱਝ ਵੀ ਵਿਗੜ ਜਾਂਦਾ ਹੈ
ਤਾਂ ਸਾਡੀ ਵੱਲ ਕਰਕੇ ਉਂਗਲੀ
ਸਾਰ ਲੈਂਦੇ ਹੋ ਡੰਗ।

ਪਰ ਸੁਣੋ
ਅਸੀਂ ਜੋ ਹੱਥਾਂ ਦੀ ਕਿਰਤ ਕਰਨ ਵਾਲੇ ਹਾਂ
ਪਰਤਦੇ ਹਾਂ ਦੁਨੀਆਂ ਦਾ ਹਰ ਅਜੂਬਾ
ਤੁਹਾਥੋਂ ਕੋਈ ਖੈਰ ਨਹੀਂ ਮੰਗਦੇ
ਭਾਵੇਂ ਅਸੀਂ ਛੱਡ ਆਏ ਹਾਂ
ਉਹ ਹਲ ਪੰਜਾਲੀਆਂ, ਤੇਸੇ ਆਰੀਆਂ
ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਦੇ ਸਾਰੇ ਸੰਦ
ਤੇ ਛੱਡ ਆਏ ਹਾਂ ਉਹ ਪਿੰਡ, ਜਿੱਥੇ
ਸੂਰਜ ਮਿਟਣ ਵੇਲੇ ਕਮਾਦੀਆਂ 'ਚੋਂ
ਮੋਰ ਗਾਉਂਦੇ ਉਡਦੇ ਨੇ
ਲੌਢੇ ਵੇਲੇ ਕਬੱਡੀ ਖੇਡਦੇ ਮੁੰਡਿਆਂ ਦੀ ਗੱਲ ਬਾਤ
ਤੁਹਾਡੇ ਟੀ. ਵੀ. ਪ੍ਰੋਗਰਾਮਾਂ ਤੋਂ ਕਿਤੇ ਦਿਲਚਸਪ ਹੁੰਦੀ ਹੈ

ਸਵੇਰੇ ਸਵੱਖਤੇ ਭਾਫ਼ਾਂ ਛੱਡਦੇ ਖੂਹਾਂ ਦੇ ਪਾਣੀ
ਤੁਹਾਡੇ ਸਾਉਨਾ-ਬਾਥ ਤੋਂ ਘੱਟ ਨਹੀਂ ਹੁੰਦੇ
ਮੰਨਿਆਂ ਕਿ ਉਂਝ ਅਸੀਂ
ਭੁੱਖ ਹੱਥੋਂ ਤੰਗ ਹੋ ਕੇ ਇੱਧਰ ਨੂੰ ਦੌੜੇ ਹਾਂ
ਕਿਉਂਕਿ ਤੁਹਾਡੇ ਜਮਾਤੀ
ਸਾਡੇ ਕਾਮੇ ਹੱਥਾਂ 'ਚ ਖਾਣ ਜੋਗਾ ਕੁੱਝ ਨਹੀਂ ਛੱਡਦੇ
ਪਰ ਤੁਸੀਂ ਵੀ ਕਿਹੜੀ ਘੱਟ ਕਰਦੇ ਹੋ
ਤੁਸੀਂ ਜੋ ਦੇ ਕੇ ਸਾਨੂੰ
ਫਰਸ਼ਾਂ ਸਾਫ਼ ਕਰਨ ਦਾ
ਬੇਰੀ ਤੋੜਨ ਦਾ, ਛੱਟੇ ਸਿੱਟਣ ਦਾ
ਟੈਕਸੀ ਚਲਾਉਣ ਦਾ ਤੇ ਭਾਂਡੇ ਧੋਣ ਦਾ ਕੰਮ
ਸਾਡਾ ਲਾਹ ਕੇ ਪੂਰੀ ਤਰ੍ਹਾਂ ਚੰਮ
ਸਾਡੇ ਸੱਕੇ ਹੋਏ ਕੰਨਾਂ 'ਚ ਵਜਾਉਂਦੇ ਹੋ
ਅਹਿਸਾਨ ਦੀ ਬੀਨ
ਜਾਓ: ਕਿਸੇ ਛੱਪੜ 'ਚ ਮੂੰਹ ਧੋ ਕੇ ਆਓ।

ਕੀ ਹੋਇਆ ਅਸੀਂ
ਅਜੇ ਬੇਖ਼ਬਰ ਹਾਂ ਆਪਣੇ ਹੱਕਾਂ ਤੋਂ
ਦੂਜੇ ਕਾਮੇ ਹੱਥਾਂ ਨਾਲ ਮਿਲ ਕੇ
ਅਜੇ ਉਹ ਮਾਰੂ ਮੁੱਕਾ ਨਹੀਂ ਵੱਟਿਆ
ਜਿਹਨੇ ਤੁਹਾਡਾ ਸਿਰ ਫੇਹਣਾ ਹੈ
ਪਰ ਇਹ ਤਾਂ ਤੁਸੀਂ ਵੀ ਜਾਣਦੇ ਹੋ
ਜਿਸ ਦਿਨ ਅਸੀਂ ਆਪਣੇ ਹੱਕ ਪਛਾਣੇ
ਤੇ ਬਾਹਾਂ ਉਲਾਰੀਆਂ
ਤੁਸੀਂ ਤਾਂ ਕੰਨ 'ਚ ਪਾਇਆਂ ਵੀ ਨਹੀਂ ਰੜਕਣਾ
ਕੀ ਹੋਇਆ ਜੇ ਸਾਡੇ ਸਿਰਾਂ ਤੇ ਚੜ੍ਹ-
ਅਜੇ ਦਾਰੂ ਨਾਚ ਕਰਦੇ ਹੋ
ਪਰ ਯਾਦ ਰੱਖੋ ਤਿਗਾਣਾ ਤੁਸੀਂ ਹੈ ਹਰਾ ਵਿਚੋਂ
ਧਰਤੀ ਉਤੇ ਲੱਗੇ ਜੋ ਪੈਰ, ਉਹ ਸਾਡੇ ਹਨ।

## ਤੀਸਰਾ ਆਦਮੀ
### ਸੁਖਚੈਨ ਮਿਸਤਰੀ

ਤੀਸਰਾ ਆਦਮੀ ਜ਼ਹਿਰ ਘੁਲਿਆ ਜ਼ਹਿਰ ਸੀ
ਉਤੇ ਹੋਏ ਮੂੰਹ ਤੇ ਆਈ ਮੁਸਕਾਣ ਸੀ
ਚਿੱਕੜ ਵਿਚ ਖਿੜਿਆ ਕੰਵਲ ਸੀ।

ਤੀਸਰਾ ਆਦਮੀ ਅਸਲ ਵਿਚ ਘਟਨਾਵਾਂ ਦੇ ਵਿਚਕਾਰਲਾ ਵਰਕਾ ਸੀ
ਉਬਲਦੀ ਹੋਈ ਖਾਮੋਸ਼ੀ ਵਰਗਾ।

ਉਹ ਕੋਈ ਮਹਾਂਬਲੀ ਨਹੀਂ ਸੀ
ਜਿਸ ਨੂੰ ਵਰ ਹੋਏ ਕਿ ਤੇਰੀ ਮੌਤ ਨਾ ਦਿਨੇ ਹੋਏਗੀ ਨਾ ਰਾਤੀਂ
ਨਾ ਅੰਦਰ ਨਾ ਬਾਹਰ
ਮੌਤ ਪਲ ਪਲ ਉਸ ਤੇ ਝਪਟਦੀ ਰਹੀ।

ਉਹ ਹੱਥ ਵਿਚ ਤੀਰ ਕਮਾਨ ਲੈ ਕੇ ਨੌਕਰੀ ਦੀ ਮੱਛੀ ਦੀ
ਅੱਖ ਵਿੰਨ੍ਹਣੀ ਲੋਚਦਾ ਰਿਹਾ
ਪਰ ਉਹਦਾ ਆਪਣਾ ਤੀਰ ਉਹਦੇ ਆਪਣੇ ਪਿੰਡੇ ਦੇ
ਆਰ ਪਾਰ ਹੋ ਜਾਂਦਾ ਰਿਹਾ
ਰੋਟੀ ਮੁੜ ਮੁੜ ਉਹਦੇ ਮਨ ਚੋਂ ਤੀਰ ਬਣ ਨਿਕਲਦੀ ਰਹੀ
ਉਹਦੇ ਤੋਂ ਮਾਲਕ ਦਾ ਹੁਕਮ ਮੰਨਵਾਉਂਦੀ ਰਹੀ
ਤੇ ਉਹਨੂੰ ਸ਼ੇਰ ਖਾਂ ਆਦਮੀ ਦੀ ਕਬਰ ਬਣਾਉਂਦੀ ਰਹੀ

ਦੁਨੀਆਂ ਦੇ ਰੌਲੇ ਗੌਲੇ ਵਿਚ ਉਹ ਕਬਾਬ ਦੀ ਹੱਡੀ ਬਣ ਜੰਮਿਆ
ਤੀਸਰਾ ਆਦਮੀ ਘਾਹਾਂ ਦੇ ਕਿਨਾਰੇ ਤੇ ਸ਼ਿਕਨ ਬਣ ਉਭਰਿਆ
ਉਹ ਨਾਇਕ ਤੇ ਨਾਇਕਾ ਨੂੰ ਸਬੱਬੀ ਉਦੋਂ ਮਿਲਣ ਗਿਆ
ਜਦੋਂ ਉਹ ਤਲੀਆਂ ਤੇ ਕੂਲੀਆਂ ਕਤਾਰਾਂ ਉਗਾ ਰਹੇ ਹੁੰਦੇ

ਉਹਨੇ ਉਹਨਾਂ ਦੇ ਬੁੱਲਾਂ ਤੇ ਜੀਅ ਆਇਆਂ
ਤੇ ਜ਼ਿਹਨ 'ਚ ਮੁੜ ਜਾਓ ਦਾ ਸੰਕੇਤ ਇਕੋ ਹੀ ਵਕਤ ਪੜ੍ਹਿਆ
ਤੇ ਉਹ ਨਾ ਅੰਦਰ ਨਾ ਬਾਹਰ, ਥੰਮ੍ਹ ਵਿਚ ਕੁਸਮ ਵਾਂਗ ਸੜਿਆ।

ਤੀਸਰਾ ਆਦਮੀ ਅਸਲੋਂ ਤੀਸਰੀ ਦੁਨੀਆਂ ਦਾ ਕੋਈ ਮੁਲਕ ਸੀ
ਜਿਹੜਾ ਸਰਮਾਏਦਾਰ ਮੁਲਕਾਂ ਦੀਆਂ ਮੰਡੀਆਂ ਦੇ ਵਿਚ ਵਿਚਰ-
ਦੇਂਦਾ ਰਿਹਾ

ਝੰਡਿਆਂ ਦੀ ਮੌਸਮੀ ਅਪਣੱਤ ਹੰਢਾਉਂਦਾ ਰਿਹਾ
ਤੇ ਲੈਂਦਾ ਰਿਹਾ ਆਪਣੇ ਪਿੰਡ ਦੀਆਂ ਕੁੜੀਆਂ ਤੇ
ਲਹਿਰਾਉਂਦੇ ਝੰਡਿਆਂ ਦੀ ਸਲਾਮੀ
ਕਿਸੇ ਉਦਾਸ ਬੋਹੜ ਵਾਂਗ ਹੱਸਦਾ ਰਿਹਾ।

---

## ਗ਼ਜ਼ਲ
### ਸੁਲੱਖਣ ਮੀਤ

ਆਸ਼ਕ ਹਾਂ ਮੈਂ ਸਰਬ ਖਿੜੇ ਜਿਹੇ ਰੁੱਖਾਂ ਦਾ।
ਚਾਕਰ ਹਾਂ ਮੈਂ ਤੇਰੇ ਉਹਦੇ ਸੁੱਖਾਂ ਦਾ।

ਮੈਨੂੰ ਮੇਰੀ ਕੁੱਖ ਸੁਲਗਦੀ ਲੱਗਦੀ ਹੈ,
ਜਦ ਮੈਂ ਦੇਖਾਂ ਹਾਲ ਪਰਾਈਆਂ ਕੁੱਖਾਂ ਦਾ।

ਅੱਜ ਦਿਨ ਸੱਤੇ ਜਾਣ ਲਏ ਮੈਂ ਬਹੁਮੁਖੀਏ,
ਜਿਹੜੇ ਪਹਿਨ ਮਖੌਟਾ ਫਿਰਨ ਮਨੁੱਖਾਂ ਦਾ।

ਚੁੰਮਣ ਇਕੋ ਹੱਲ ਉਨ੍ਹਾਂ ਦਾ ਹੋ ਸਕਦਾ,
ਕਰਦੇ ਲੋਕੀ ਫ਼ਿਕਰ ਜਿਹੜਿਆਂ ਦੁੱਖਾਂ ਦਾ।

ਫਲਣ ਫੁੱਲਣ ਨਾ ਦੇਣ ਜੋ ਆਪਣੀ ਛਾਵੇਂ ਕੁੱਝ;
ਲੱਭ ਲਿਆ ਮੈਂ ਹੱਲ ਅਜਿਹੇ ਰੁੱਖਾਂ ਦਾ।

# ਬੀਤਿਆ ਵਰ੍ਹਾ

– ਹਰਦੇਵ ਸਿੰਘ ਕਲਸੀ

ਵਰ੍ਹਾ ਕੋਈ ਵੀ ਹੋਵੇ
ਕੀ ਫਰਕ ਪੈਂਦਾ ਹੈ
ਮੇਰੇ ਵੇਖਦਿਆਂ ਵੇਖਦਿਆਂ
ਕਈ ਵਰ੍ਹੇ ਆਏ ਤੇ ਕਈ ਚਲੇ ਗਏ
ਪਰ,
ਮੈਂ ਅਜੇ ਵੀ
ਖੜ੍ਹਾ ਹਾਂ ਅਡਿਗ
ਇਕ ਬੁੱਤ ਦੀ ਤਰ੍ਹਾਂ
ਜੋ ਤਰਾਸ਼ਿਆ ਗਿਆ ਹੋਵੇ
ਕਿਸੇ ਬੁੱਤਤਰਾਸ਼ ਕੋਲੋਂ
ਅੱਜ ਤੋਂ ਸੈਂਕੜੇ ਵਰ੍ਹੇ ਪਹਿਲਾਂ।
ਹਰ ਨਵਾਂ ਸਾਲ ਜਦੋਂ ਵੀ ਚੜ੍ਹਦਾ ਹੈ
ਤਾਂ ਪ੍ਰੇਰਣਾ ਹੁੰਦੀ ਹੈ
ਬੀਤ ਚੁੱਕੇ ਤੇ ਮੈਨੂੰ
ਪਰ ਕੁੱਝ ਸਮੇਂ ਪਿਛੋਂ ਇਹ ਬਦਲ ਜਾਂਦੀ ਹੈ।
ਇਕ ਖੁਸ਼ੀ ਦੀ ਝਲਕ ਵਿਚ
ਭਲਾ, ਬੀਤੇ ਤੇ ਕੀ ਪਛਤਾਉਣਾ
ਜਦੋਂ ਕਿ ਨਵਾਂ ਸਾਲ
ਚੜ੍ਹ ਰਿਹਾ ਹੋਵੇ
ਖੁਸ਼ੀਆਂ ਤੇ ਖੇੜਿਆਂ ਦੀ ਝਲਕ ਲੈ ਕੇ।
ਹਰ ਨਵਾਂ ਸਾਲ, ਜਦੋਂ ਚੜ੍ਹਦਾ ਹੈ
ਤਾਂ ਸੋਚਦਾ ਹਾਂ ਕਿ ਅਜੇ ਤਾਂ
ਕੁੱਝ ਵੀ ਨਹੀਂ ਬਦਲਿਆ
ਉਹ ਗਮਗੀਨ ਚਿਹਰੇ, ਉਹੀ ਗਰੀਬੀ ਦਾ ਰੋਣਾ
ਉਹੀ ਧੂੜ ਵਿਚ ਲਿਬੜਿਆ, ਤੇ
ਧੂਏਂ ਵਿਚ ਧੁਆਂਖਿਆ ਇਨਸਾਨ।
ਪਰ ਫੇਰ ਇਹ ਲੜੀ ਟੁਟ ਜਾਂਦੀ ਹੈ
ਇਕ ਝਟਕੇ ਵਾਂਗ
ਤੇ ਮੇਰੇ ਸਾਹਮਣੇ
ਭਵਿੱਖ ਨਜ਼ਰ ਆਉਂਦਾ ਹੈ
ਵਿਚੋਂ ਇਨ ਨਿਘਰਦੇ ਜਾਂਦੇ ਲੋਕਾਂ ਦਾ
ਫਿਰ ਸੋਚਦਾ ਹਾਂ
ਸ਼ਾਇਦ ਕੁੱਝ ਲਿਖਾਰੀ ਲੋਕ
ਬਦਲ ਦੇਣ ਇਹ ਪੁਰਾਣਾ ਸਿਲਸਿਲਾ
ਆਪਣੀਆਂ ਲਿਖਤਾਂ ਦੁਆਰਾ
ਤੇ ਚੜ੍ਹਦੇ ਸੂਰਜ ਦੀ ਲਾਲੀ ਦੇ ਵਾਂਗ
ਇਹ ਵੀ ਆਪਣੀ ਲੇਖਣੀ ਨੂੰ
ਸਾਣ ਤੇ ਚਾੜ੍ਹ ਕੇ
ਦੇਣ ਤਲਵਾਰਾਂ ਤੇ ਢਾਲਾਂ ਦਾ ਰੂਪ
ਜੋ ਕਿਸੇ ਸਮੇਂ, ਚੁੱਕੀਆਂ ਸਨ
ਗੁਰੂ ਗੋਬਿੰਦ ਸਿੰਘ ਨੇ
ਬਾਬਾ ਬੰਦਾ ਬਹਾਦਰ ਨੇ
ਜਾਂ ਬਾਬਾ ਦੀਪ ਸਿੰਘ ਨੇ
ਜ਼ੁਲਮ ਦੇ ਖ਼ਿਲਾਫ਼।
ਅੱਜ ਜਦੋਂ ਬੀਤ ਚੁੱਕਾ ਹੈ,
31 ਦਸੰਬਰ ਵੀ
ਤਾਂ ਮੈਨੂੰ ਇਉਂ ਲੱਗਿਆ,
ਜਿਵੇਂ ਸਾਲ ਭਰ ਦਾ ਸੁੱਤਾ
ਉੱਠਿਆਂ ਹੋਵਾਂ ਇਕ ਦਮ ਝਟਕੇ ਵਾਂਗ।

ਪਰ ਸ਼ੋਰ ਕੁੱਝ ਵੀ ਹੋਵੇ
ਹੁਣ ਮੈਂ ਉਠ ਚੁੱਕਾ ਹਾਂ
ਸਫਲਤਾ ਦੀ ਨੀਂਦ ਵਿਚੋਂ
ਤੇ ਮੈਂ ਸੋਚ ਲਿਆ ਹੈ ਚੰਗੀ ਤਰ੍ਹਾਂ
ਆਉਣ ਵਾਲੇ ਵਰ੍ਹੇ ਨੂੰ
ਜੀ ਆਇਆਂ ਕਹਿਣ ਲਈ।
ਹੁਣ ਮੈਂ ਯਾਦ ਨਹੀਂ ਕਰਾਂਗਾ
ਬੀਤੇ ਨੂੰ ਭੁੱਲ ਕੇ ਵੀ
ਤੇ ਕੋਸ਼ਿਸ਼ ਕਰਾਂਗਾ
ਕਿ ਨਵਾਂ ਵਰ੍ਹਾ ਵੀ
ਬੀਤ ਨਾ ਜਾਏ
ਇਕ ਗੋਹੜੇ ਦੀ ਪੂਣੀ ਦੇ ਵਾਂਗ
ਤੇ ਇਹ ਵੀ ਕੋਸ਼ਿਸ਼ ਕਰਾਂਗਾ
ਕਿ ਨਵੇਂ ਸਾਲ ਦੀ ਰੋਸ਼ਨੀ ਵਿਚ
ਮੈਂ ਪੜ੍ਹ ਸਕਾਂ ਆਪਣੇ ਲਿੱਖੇ ਬੋਲ
ਇਨ ਗਤ ਪਸ਼ੂਆਂ ਵਾਂਗ
ਪਿੱਠਾਂ ਤੇ ਭਾਰ ਢੋਂਦੇ
ਤੇ ਗਧਾਂ ਵਾਲਾ ਜੀਵਨ ਗੁਜ਼ਾਰਦੇ
ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੁੰਦੇ
ਇਨਸਾਨ ਤਕ।

'ਜੰਗਲ ਦੀ ਅੱਗ' ਤੇ 'ਰੂਪ ਅਰੂਪ' ਤੋਂ ਬਾਅਦ
ਦਰਸ਼ਨ ਗਿੱਲ
ਦਾ
ਤੀਸਰਾ ਕਾਵਿ-ਸੰਗ੍ਰਹਿ
## ਖ਼ਲੀਜ
ਛੱਪ ਕੇ ਮਾਰਕੀਟ ਵਿੱਚ ਆ ਚੁੱਕਾ ਹੈ
ਰੂਪਕਾਰ : ਅਮਰ ਚਿੱਤਰਕਾਰ
ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
ਪੰਨੇ : 88 ; ਸਾਈਜ਼: ਵੱਡਾ ; ਮੁੱਲ: ਬਾਰਾਂ ਰੁਪਏ
"ਖ਼ਲੀਜ" ਬਾਰੇ ਕਵੀ ਆਪ ਕਹਿੰਦਾ ਹੈ:
" ਏਸ ਪੜਾਅ ਤੇ ਮੇਰੀ ਕਵਿਤਾ ਸੋਚ ਤੇ ਭਾਵਾਂ ਦੇ ਦੋ ਕੰਢਿਆਂ ਵਿਚਕਾਰ ਵਗਦੀ ਨਿਰੰਤਰ ਨਦੀ ਵਾਂਗ ਹੈ, ਜਿਸ ਦੇ ਪਾਣੀਆਂ ਵਿਚ ਕਈ ਆਬ-ਸ਼ਾਰਾਂ ਦਾ ਸ਼ੋਰ ਪੈਦਾ ਹੁੰਦਾ ਹੈ, ਹਲਚਲ ਮੱਚਦੀ ਹੈ ਤੇ ਕਈ ਮੈਦਾਨੀ ਨਦੀ ਦਾ ਠਿਹਰਾਉ ਪ੍ਰਾਪਤ ਹੁੰਦਾ ਹੈ।"

# ਇਹ ਗੱਲ...ਉਹ ਗੱਲ

ਅਮਰਜੀਤ ਚਾਹਲ

'ਬੜਾ ਸਵੇਲੇ ਆ ਗਿਆ । ਹੁਣੇ ਜਾ ਕੇ ਪਿੜ ਹੂੰਝਣਾ ।'

'ਕਾਹਨੂੰ...ਮੈਂ ਕਿਹਾ ਬੁੜ੍ਹਾ ਕਿਤੇ ਗਿਆ ਹੋਇਆ...ਆ ਗਿਆ ਤਾਂ ਉਹਨੇ ਕਿਥੇ ਹਿੱਲਣ ਦੇਣਾ । ਹੁਣੇ ਤੁਰਦੇ ਭਲੇ ।'

'ਹਲਾ... ਉਹ ਕਿਥੇ ਚਲਾ ਗਿਆ ।'

'ਪਤਾ ਨ੍ਹੀਂ ਸਵੇਰ ਦਾ ਖੂਹ ਤੇ ਵੀ ਨਹੀਂ ਆਇਆ ਘਰ ਵੀ ਹੈਨੀ ਸੀ ।...ਕਿੰਨਾ ਕੁ ਰਹਿੰਦਾ ਮੋੜਨਾ ।'

'ਮੰਜੇ ਦੇ ਮੰਜਿਆਂ ਦਾ ਥਾਂ ਰਹਿੰਦੇ ਤੋਂ ਮੋੜ ਦੇਣਾ ।'

'ਮੋੜ ਦੇ ਫਿਰ । ਇਕ ਪਾਸਿਉਂ ਸਿਰੇ ਆ ਲੱਗਾ ।'

'ਹਲਾ...।' ਘੱਪ ਕਰਕੇ ਪਹਿਲੀ ਕਹੀ ਵੱਜੀ ਤੇ ਫਿਰ ਦੋ ਤਿੰਨ ...ਹੋਰ । ਕਿਆਰੇ ਦਾ ਨੱਕਾ ਬੰਨ੍ਹ ਦਿਤਾ ਗਿਆ । ਆਡ ਵਿਚਦੀ ਪਾਣੀ ਦੇ ਹੜ੍ਹ ਨੇ ਅਗਲੇ ਕਿਆਰੇ ਦੇ ਬੁਲ੍ਹਾਂ ਨੂੰ ਜਾ ਚੁੰਮਿਆ । ਕਿਆਰਾ ਕਾਫ਼ੀ ਚੌੜਾ ਸੀ ਤੇ ਪਾਣੀ ਦਾ ਵਹਿਣ ਪੱਧਰਾ ਹੋ ਗਿਆ । ਕਣਕ ਦੇ ਮੁੱਢਾਂ ਨੂੰ ਛੂਹਦਾ ਪਾਣੀ, ਸੁਕੀ ਧਰਤੀ ਦੀ ਹਿੱਕ ਨੂੰ ਤਰ ਕਰਦਾ ਅੱਗੇ ਹੀ ਅੱਗੇ ਵਧਦਾ ਜਾਂਦਾ ਸੀ ।

ਬੰਨ੍ਹੇ ਹੋਏ ਨੱਕੇ ਨੂੰ ਗਿੰਦਰ ਨੇ ਕਹੀ ਦਾ ਹੇਠਲਾ ਪੱਧਰਾ ਪਾਸਾ ਫੇਰ ਪਲੱਸਤਰ ਕਰ ਦਿਤਾ । ਫੇਰ ਉਸ ਸਾਧਾਰਣ ਜਿਹੀ ਨਜ਼ਰੇ ਜਾਇਜ਼ਾ ਲਿਆ ਕਿ ਨੱਕਾ ਠੀਕ ਬੱਝ ਗਿਆ ਹੈ । ਹੁਣ ਟੁੱਟਣ ਦਾ ਡਰ ਨਹੀਂ । ਤੇ ਉਥੋਂ ਹੱਟ ਕੇ ਪਾਣੀ ਪੈਂਦੇ ਕਿਆਰੇ ਤੋਂ ਅਗਲੇ ਨੂੰ ਨੱਕਾ ਕਰਨ ਜਾ ਲੱਗਾ ।

'ਬਈ ਕਣਕਾਂ ਤਾਂ ਅੱਜੋਕੀ ਬੜੀਆਂ ਸੋਹਣੀਆਂ ।' ਮਾਧੋ ਨੇ ਚਾਦਰੇ ਨੂੰ ਚੱਕ ਲੱਤਾਂ ਪਿੰਜਣੀਆਂ ਤਕ ਨੰਗੀਆਂ ਕੀਤੀਆਂ ਸੀ । ਭਲਵਾਨੀ ਗਲ ਦਾ ਕੁੜਤਾ ਤੇ ਕੰਨ ਕੋਲ ਦੀ ਲੜ ਛੱਡ, ਮੜਾਸਾ-ਮਾਰ ਜਿਹੀ ਪੱਗ ਉਸ ਨੂੰ ਸੱਜ ਪੈਂਦੀ ਸੀ । ਧੁਪੇ ਸਰ੍ਹੋਂ ਦੇ ਤੇਲ ਨਾਲ ਮਾਲਸ਼ ਕੀਤੀਆਂ ਲੱਤਾਂ ਚਮਕਦੀਆਂ ਸਨ ਤੇ ਪਤਾ ਨਹੀਂ ਸੀ ਲੱਗਦਾ ਕਿ ਉਸ ਨੇ ਹੁਣੇ ਹੁਣੇ ਮੁੰਨੀਆਂ ਹਨ । ਜੇ ਕਰ ਇਕ ਦੋ ਥਾਂ ਬਲੇਟ ਦੇ ਟੱਕ ਨਾ ਲੱਗੇ ਹੁੰਦੇ ।

'ਹਾ ਹੋ, ਜੇ ਕਿਤੇ ਚਾਰ ਬੂੰਦਾਂ ਪੈ ਜਾਂਦੀਆਂ ਤਾਂ ਬੈਹ ਜਾਂ ਬੈਹ ਹੋ ਜਾਣੀ ਸੀ ।' ਉਸ ਨੱਕਾ ਕਰਦੇ ਨੇ ਹੀ ਜਵਾਬ ਦਿਤਾ ।

'ਹੁਣ ਵੀ ਕੀ ਆ...ਬੜੀ ਮਿਹਰ ਆ ਦਾਤੇ ਦੀ । ਦਾਣਾ ਪੈਣ ਵੇਲੇ ਨਾ ਮੀਂਹ ਝੱਖੜ ਕਰੇ ।'

'ਆਹੋ ਉਹ ਤੇ ਠੀਕ ਯਾ...।' ਨੱਕੇ ਦੀ ਮਿੱਟੀ ਨੂੰ ਥਾਪੜਦਿਆਂ ਉਸ ਹੁੰਗਾਰਾ ਭਰਿਆ ਤੇ ਫਿਰ ਉਸ ਤੋਂ ਅਗਲਾ ਨੱਕਾ ਕਰਨ ਜਾ ਲੱਗਾ । ਮਾਧੋ ਨੇ ਉਸ ਨੂੰ ਹੋਰ ਨੱਕਾ ਕਰਦਿਆਂ ਦੇਖ ਕੁਝ ਤੇਂਖਲੇ ਜਿਹੇ ਨਾਲ ਪੁਛਿਆ ।

'ਜਾਣ ਦਾ ਨਹੀਂ ਰਾਦਾ ਅੱਜ । ਕਿੰਨੇ ਕਰੀ ਜਾਣੇ ਆ ।'

'ਅਜੇ ਤਾਂ ਬਹੁਤ ਸਵੇਲਾ...।' ਗਿੰਦਰ ਨੇ ਮੂੰਹ ਸੂਰਜ ਵੱਲ ਨੂੰ ਚੁਕਿਆ । 'ਅਜੇ ਤਾਂ ਸਿਰ ਤੇ ਵੀ ਨੀ ਆਇਆ । ਹੁਣੇ ਜਾ ਕੇ ਕੀ ਕਰਨਾ...ਦੋ ਆਹ ਤੇ ਦੋ ਹੋਰ—ਬਸ ਫੇਰ ਚਲਾਂਗੇ ।' ਤੇ ਉਹ ਫਿਰ ਨੱਕੇ ਕਰਨ ਵਿਚ ਰੁਝ ਗਿਆ ।

'ਇਉਂ ਤੇ ਯਾਰ ਬਹੁਤ ਚਿਰ ਲੱਗ ਜੂ ।'

'ਨਾ...ਚਿਰ ਲੱਗ ਜੂ ..ਬੱਸ ਭਰੇ ਕੇ ਭਰੇ.. । ਭੱਜ ਕੇ ਹੋਈ ਕੇਰਾਂ ਦੇਖੀਂ ਕਿੰਨ੍ਹਾਂ ਕੁ ਰਹਿੰਦਾ ।'

'ਹੁਣੇ ਨਾ ਭਰ ਗਿਆ ਹਊ ।' ਮਾਧੋ ਨੇ ਕਿਆਰੇ ਦੇ ਮੱਥੇ ਵਲ ਵੱਧਦਿਆਂ ਕਿਹਾ । ਗਿੰਦਰ ਨੂੰ ਵੀ ਪਤਾ ਸੀ ਕਿ ਅਜੇ ਕਿਆਰਾ ਨਹੀਂ ਭਰਿਆ ਹੋਣਾ । ਉਸ ਤੇ ਉਂਝ ਹੀ ਮਾਧੋ ਨੂੰ ਕੰਮ ਲਾਉਣ ਲਈ ਉਧਰ ਭੇਜਿਆ ਸੀ ।

'ਕਿਉਂ...ਕਿਨਾਂ ਕੁ ਰਹਿੰਦਾ ।'

'ਅਜੇ ਤਾਂ ਬਹੁਤ ਐ... ਪੰਜ ਛੇ ਕਰਮਾਂ ਹੋਉ ।'

'ਹਲਾ ।' ਨਈਂ ਤੇ ਐਂ ਕਰ...ਤੂੰ ਮੋੜ ਦਈਂ...ਮੈਂ ਆੜੇ ਆਡ ਗੇੜਾ ਮਾਰ ਆਉਨਾਂ ।'

'ਛੇਤੀ ਮੁੜੀਂ । ਇਹ ਨਾ ਹੋਵੇ ਪਈ ਤੂੰ ਸ਼ਰੀਹ ਸ਼ੰਕਰ ਦੀ ਸ਼ਿੰਝ ਦੇਖੇਂ ਤੇ ਮੈਂ ਇਥੇ ਕਿਆਰੇ ਮੋੜੀ ਜਾਵਾਂ ।' ਆੜੇ ਆਡ ਤੁਰੇ ਜਾਂਦੇ ਗਿੰਦਰ ਨੂੰ ਸੁਣ ਪਿਆ ਸੀ । ਪਰ ਉਸ ਕੋਈ ਜਵਾਬ ਨਾ ਦਿਤਾ । ਉਹ ਬੜੇ ਗੌਰ ਨਾਲ ਨੱਕੋ ਨੱਕ ਪਾਣੀ ਨਾਲ ਭਰੀ ਆਡ ਨੂੰ ਦੇਖਦਾ ਜਾਂਦਾ ਸੀ । ਕਿਤਿਉਂ ਕਿਤਿਉਂ ਆਡ ਦੀ ਪਟੜੀ ਬਹੁਤ ਨਰਮ ਸੀ । ਜੋ ਪੈਰ ਰੱਖਦੇ ਹੀ ਟੁਟ ਸਕਦੀ ਸੀ । ਉਥੋਂ ਗਿੰਦਰ ਥੱਲੇ ਉਤਰ ਜਾਂਦਾ । ਇਸ ਤਰ੍ਹਾਂ ਉਥੇ ਆਉਣ ਜਾਣ ਦੀ ਡੰਡੀ ਜਿਹੀ ਪਈ ਹੋਈ ਸੀ । ਤੇ ਉਹ ਆਪਣੇ ਆਪ ਹੀ ਆਡ ਦੇ ਕੰਢੇ ਤੋਂ ਹੇਠਾਂ ਉਤੇ ਹੁੰਦਾ ਤੁਰਿਆ ਗਿਆ ।

ਚੈਨਿਆਂ ਤੋਂ ਬਿਨਾ ਖੂਹ ਤੇ ਕੱਲੀ ਪੰਜਾਲੀ ਬੋਤਾ ਵਗਦਾ ਸੀ । ਅੱਖਾਂ ਬੰਨ੍ਹੀ ਵਗਦੇ ਬੋਤੇ ਨੇ ਸ਼ਾਇਦ ਗਿੰਦਰ ਦੀ ਪੈੜ ਚਾਲ ਨੂੰ ਪਛਾਣ ਜਾਂ ਆਦਮ ਜਾਤ ਨਾਲ ਟਕਰਾਈ ਹਵਾ ਨੂੰ ਸੁੰਘ ਥੋੜਾ ਜਿਹਾ ਮੂੰਹ ਇਧਰ ਉਧਰ ਭਵਾਇਆ । ਤੇ ਫਿਰ ਉਹ ਪਹਿਲੀ ਚਾਲ ਤੋਂ ਵੀ ਤੇਜ਼ ਵਗਣਾ ਸ਼ੁਰੂ ਹੋ ਗਿਆ ।

ਗਿੰਦਰ ਨੇ ਖੂਹ ਵਿਚ ਝਾਤੀ ਮਾਰੀ । ਪਾਣੀ ਕਾਫ਼ੀ ਥੱਲੇ ਉਤਰ ਗਿਆ ਸੀ ਪਰ ਮਾਹਲ ਅਜੇ ਨਹੀਂ ਤਰੀ ਸੀ । ਖੂਹ ਵਿਚ ਪਾਣੀ ਦੀ ਕਾਫ਼ੀ ਹਲ-ਚਲ ਸੀ ਤੇ ਥੋਕੀ ਵਾਹੋ-ਦਾਹੀ ਹੋਰ ਹੋਰ ਪਾਣੀ ਕੱਢੀ ਜਾਂਦੀ ਸੀ ।

ਫਿਰ ਉਸ ਪਾੜਛੇ ਕੋਲ ਬੈਠ ਦੋ ਕੁ ਬੁੱਕਾਂ ਪਾਣੀ ਪੀਤਾ । ਤੇ ਮਗਰਲੇ ਘੁੱਟਾਂ 'ਚੋਂ ਘੁੱਟ ਕੁ ਮੂੰਹ ਵਿਚ ਰੱਖ 'ਕੁਰਲੂ ਕੁਰਲੂ' ਕਰ ਮੁੜ ਅੰਦਰ ਲੰਘਾ ਲਿਆ ।

ਕੱਚੇ ਕੋਠੇ ਵੱਲ ਆਉਂਦਿਆ ਗਿੱਲੇ ਹੱਥ ਉਸ ਮੂੰਹ ਤੇ ਫੇਰੇ ਤੇ ਮੁੜ ਗਲ ਪਏ ਕੁੜਤੇ ਨਾਲ ਪੂੰਝ ਲਏ । ਬੁੜ੍ਹਾ ਕੋਠੇ ਮੂਹਰੇ ਬੈਠਾ ਸਣ ਭੰਨੀ ਜਾਂਦਾ ਸੀ । ਉਸ ਸਣ ਭੰਨਦੇ ਨੇ ਹੀ ਥੋੜਾ ਮੂੰਹ ਉਤਾਂਹ ਚੁਕਿਆ । 'ਤੈਨੂੰ ਕਿਹਾ ਸੀ ਉਥੇ ਰਈਂ । ਐਵੇਂ ਕਿਤੇ ਕਿਆਰੇ ਵਿਚ ਪਾਣੀ ਵੱਧ ਘੱਟ ਪੈ ਜਾਂਦਾ । ਇਥੇ ਕਿਹੜਾ ਇੰਜਣ 'ਫੱਕ ਫੱਕ' ਕਰਕੇ ਪਾਣੀ ਕੱਢਦਾ ਬਈ ਚਲ ਹੋਊ ।...ਬੇਜ਼ਬਾਨ ਜੋੜੇ ਹੋਏ...।'

'ਉਥੇ ਹੈਗਾ ਮਾਧੋ, ਐਵੇਂ ਨਈਂ ਆ ਗਿਆ ।'

'ਹੂੰ...।' ਬੁੜ੍ਹੇ ਨੇ ਹਵਾ 'ਚੋਂ ਜ਼ਹਿਰ ਸੁੰਘਿਆ । 'ਉਹ ਕੁੜੀ ਚੋ... ਕੀ ਕਰਨ ਆਇਆ ।'

ਮੱਝਾਂ ਦੀ ਖੁਰਲੀ ਵਿਚ ਹੱਥ ਮਾਰਦੇ ਗਿੰਦਰ ਨੇ ਕੋਈ ਜਵਾਬ ਨਾ ਦਿਤਾ । ਅਣਸੁਣਿਆਂ ਕਰਕੇ ਉਹ ਹੱਥਲੀ ਮਸ਼ੀਨ ਅੱਗਿਉਂ ਹਰੇ

ਦਾ ਟੋਕਰਾ ਭਰਨ ਲੱਗ ਪਿਆ ।

'ਸੁਣਿਆ ਨਹੀਂ ਮੈਂ ਕੀ ਕਿਹਾ ।'

'ਸੁਣਿਆ...ਸੁਣਿਆ ।'

'ਫਿਰ ਬੋਲਦਾ ਨਈਂ !' ਉਹਦੀ ਆਵਾਜ਼ ਵਿਚ ਇਸ ਵਾਰ ਦਬਾ ਤੇ ਲਫਾ ਸੀ ।

'ਤੈਨੂੰ ਕਿਹੜਾ ਨਹੀਂ ਪਤਾ...ਐਵੇਂ ਮੁੜ ਮੁੜ ਪੁੱਛੀ ਜਾਨਾਂ ।

'ਹੈਂ ਬੋਲਦਾ ਕਿਵੇਂ ਐਂ...ਪੰਜਾਹ ਵੇਰੀ ਤੈਨੂੰ ਕਿਹਾ ਉਹ ਕੁੱਤੇ ਦੇ ਬੀ ਨੂੰ...।'

'ਬਾਪੂ ਤੂੰ ਐਵੇਂ...' ਉਸ ਟੋਕਰਾ ਮੱਝਾਂ ਦੀ ਖੁਰਲੀ ਵਿਚ ਉਲਟ ਦਿੱਤਾ ।

'ਐਵੇਂ ਕੀ ਉਏ... ।' ਬਾਪੂ ਨੇ ਉਸ ਦੀ ਗੱਲ ਕੱਟੀ । 'ਉਹਦੇ ਚੱਜ ਅਚਾਰ ਦੇਖਦੇ ਕੀ ਆ ।'

'ਕੀ ਹੋਇਆ ਉਹਦੇ ਚੱਜ ਅਚਾਰਾਂ ਨੂੰ...ਤੂੰ ਐਵੇਂ ਠੇਕਾ ਲਈ ਫਿਰਦਾਂ ਸਾਰੇ ਕਬੀਲੇ ਦਾ...ਉਹਦੇ ਕੁਛ ਲਗਦੇ ਸਕੇ ਸੋਧਰੇ ਕਿਹੜੇ ਹੈ ਨਈਂ ਗੇ ? ਕਰ ਲੈਣ ਜੋ ਉਹਨਾਂ ਕਰਨਾ...।

'ਤੇਰੀ ਉਏ ਮਾਂ...ਕਰਦਾਂ ਚੁਪ ਕਿ ਆਵਾਂ ਤੇਰੇ ਵੱਲ ਵੀ ।'

'ਮੈਂ ਚੁਪ ਈ ਆਂ ਬਾਬਾ । ਐਵੇਂ ਨਾ ਗਲ੍ਹ ਪੈ ।'

'ਫਿਰ ਤੋਰ ਕੁੜੀ ਚੋ...ਨੂੰ ਜਾ ਕੇ । ਉਹਨੂੰ ਪੇਲੀਆਂ ਕੰਨੀਂ ਨੀ ਵੜਣ ਦੇਣਾ ।'

'ਮੈਂ ਆਪ ਵੀ ਚਲੇ ਜਾਣਾ । ਕਿਆਰੇ ਦੋ ਜਾਂ ਬੜੀ ਹੱਦ ਤਿੰਨ ਰਹਿੰਦੇ ਹੋਣਗੇ ।'

'ਤੈਨੂੰ ਅੱਗੇ ਕਿਹਾ ਸੀ ਕਿਤੇ ਨੀਂ ਜਾਣਾ...ਚੁਪ ਕਰਕੇ ਆਪਣਾ ਕੰਮ ਕਰ ।'

ਉਸ ਨੂੰ ਉਵੇਂ ਬੋਲਦਾ ਛੱਡ ਗਿੰਦਰ ਕੱਚੇ ਕੋਠੇ ਅੰਦਰ ਚਲਾ ਗਿਆ । ਇਕ ਟੁਟੇ ਘੜੇ ਦੇ ਥਿਬਰੇ ਵਿਚ ਪਸ਼ੂਆਂ ਨੂੰ ਦੇਣ ਵਾਲਾ ਲੂਣ ਪਿਆ ਸੀ, ਸੌਂਫ ਮਸਾਲੇ ਵਾਲਾ । ਅੱਧੀ ਮੁਠ ਲੂਣ ਉਸ ਇਕ ਮੈਲੇ ਜਿਹੇ ਘਸੇ ਹੋਏ ਕਾਗਜ਼ ਤੇ ਪਾਇਆ ਅਤੇ ਅਨਘੜਤ ਜਿਹੀ ਪੁੜੀ ਵੱਟ ਉਸ ਖੀਸੇ ਵਿਚ ਪਾ ਲਈ । ਬੇਧਿਆਨੀ ਦਾ ਦਿਖਾਵਾ ਕਰਦਾ ਉਹ ਮੁੜ ਖੂਹ ਵਗਦੇ ਬੋਤੇ ਵੱਲ ਆਇਆ । ਬਾਪੂ ਨੇ ਮੁੜ ਉਸ ਨੂੰ ਕੁਝ ਨਹੀਂ ਕਿਹਾ ।

'ਖੜ ਜਾ ਪੁਤਰਾ ।' ਪੈੜ ਵਿਚ ਖੜ ਉਸ ਬੋਤੇ ਨੂੰ ਰੋਕ ਲਿਆ । ਉਸ ਦੀ ਧੌਣ ਤੇ ਥਾਪੀ ਦਿਤੀ । ਉਸ ਮੂੰਹ ਰਤਾ ਨੀਵਾਂ ਕਰ ਪਲੋਸਿਆ । ਬੋਤੇ ਨੇ ਆਪਣੇ ਮਾਲਕ ਨੂੰ ਪਛਾਣ ਲਿਆ । ਉਸ ਦੀ ਜ਼ਬਾਨ ਨੂੰ ਜਾਣ ਲਿਆ । ਬੜੇ ਆਰਾਮ ਨਾਲ ਉਸ ਆਪਣੇ ਸਰੀਰ ਨੂੰ ਢਿੱਲਾ ਛੱਡ ਦਿਤਾ । ਤੇ ਪਿਛਲੀਆਂ ਲੱਤਾਂ ਨੂੰ ਰਤਾ ਚੌੜੀਆਂ ਕਰ, ਪਿਛੇ ਨੂੰ ਧਾਰ ਮਾਰੀ ।

ਬੋਤਾ ਮੁੜ ਆਪਣੀ ਚਾਲੇ ਤੋਰ ਦਿਤਾ ਗਿਆ । ਖੂਹ ਦੇ ਕੁੱਤੇ ਦੀ 'ਟੱਕ ਟੱਕ' ਤੇ ਭਰੀਆਂ ਟਿੰਡਾਂ ਦਾ ਪਾਰਛੇ ਵਿਚ ਉਲੱਧ ਹੋਣਾ । ਖਾਲੀਆਂ ਨੇ ਮੁੜ ਪਾਣੀ ਦੀ ਸਤਾ ਨੂੰ ਝੰਜੋੜਨਾ, ਮਾਹਲ ਤੇ ਬੈੜ ਦਾ ਮਿਲਣ ਵਿਛੜਨ ਇਕ ਅਜੀਬ ਜਿਹਾ ਸੰਗੀਤ ਬਣਾਉਂਦਾ ਸੀ । ਜੋ ਖੂਹ ਦੀ ਗਾਧੀ ਦੇ ਪਿਆਰੇ ਨੂੰ ਨਸ਼ਿਆਉਣ ਵਾਲਾ ਸੀ । ਇਸੇ ਸੰਗੀਤ ਦੀ ਲਹਿਰ ਵਿਚ ਜੱਟ ਮਿਰਜ਼ਾ ਵੀ ਗਾਉਂਦਾ ਹੈ ਤੇ ਪਾਠ ਵੀ ਕਰਦਾ ਹੈ । ਖੂਹ ਤੇ ਬੈਠੇ ਜੱਟ ਨੇ ਰੱਬ ਨੂੰ ਦਬਕਾ ਮਾਰ ਪੱਥਰ ਚੋਂ ਕੱਢ ਲਿਆ ਸੀ ।

ਬੋਤੇ ਦੇ ਪਿਸ਼ਾਬ ਵਾਲੀ ਥਾਂ ਗਿੰਦਰ ਨੇ ਪੈੜ ਦੇ ਪਾਸਿਉਂ ਚੂਰ ਹੋਇਆ ਸੁੱਕਾ ਗੋਹਾ ਖਲਾਰ ਦਿਤਾ । ਚਾਰ ਪੰਜ ਗੇੜਿਆਂ ਨਾਲ ਉਸ ਵਗਦੇ ਬੋਤੇ ਨੂੰ ਵਖੋ ਵਖਰੇ ਥਾਂ ਖੜ ਕੇ ਲਲਕਾਰੇ ਮਾਰੇ । ਉਹ ਮੁੜ ਆਪਣੀ ਚਾਲ ਫੜ੍ਹ ਗਿਆ । ਗਿੰਦਰ ਬੋਤੇ ਵਲੋਂ ਨਿਸਚਿੰਤ ਹੋ ਮੁੜ ਪਾਣੀ ਪੈਂਦੇ ਖੇਤ ਵੱਲ ਤੁਰ ਪਿਆ ।

ਤੁਰੇ ਜਾਂਦੇ ਉਸ ਇਕ ਖਾਸ ਥਾਂ ਆ ਕੇ ਟਾਹਲੀ ਨੂੰ ਦੇਖਿਆ ਤੇ ਫਿਰ ਉਸ ਤੋਂ ਅੰਦਾਜ਼ਾ ਲਾਉਂਦਿਆਂ ਛੇ ਕਰਮਾਂ ਉਸ ਵੱਲ ਤੁਰਿਆ ਤੇ ਢਾਈ ਕਰਮਾਂ ਮੁੜ ਸਿਧਾ । ਆਲੇ ਦੁਆਲੇ ਚੰਗੀ ਤਰ੍ਹਾਂ ਦੇਖ ਉਥੇ ਬੈਠ ਗਿਆ । ਥੋੜੇ ਚਿਰ ਬਾਅਦ ਉਹ ਮੁੜ ਆਡ ਦੀ ਪਟੜੀ ਤੇ ਮਾਧੋ ਵੱਲ ਨੂੰ ਤੁਰਿਆ ਜਾਂਦਾ ਸੀ । ਜਿਥੇ ਉਹ ਕਿਆਰੇ ਮੋੜ ਰਿਹਾ ਸੀ ।

'ਬੜਾ ਚਿਰ ਲਾ ਤਾ ।' ਮਾਧੋ ਨੇ ਗਿਲਾ ਕੀਤਾ ।

'ਚਿਰ ਈ ਲੱਗ ਗਿਆ ।' ਨਾਲ ਈ ਉਸ ਡੱਬ ਚੋਂ ਬੋਤਲ ਕੱਢ ਮਾਧੋ ਵੱਲ ਕਰ ਦਿਤੀ ।

'ਮਾਰ ਦਊ...ਹੁਣ ਤੋਂ ਈ...। ਅਜੇ ਸੂਰਜ ਸਿਰ ਤੇ ਆ ।' ਉਸ ਨੇ ਬੋਤਲ ਫੜ ਲਈ ਤੇ ਛਲਕਾ ਕੇ ਬੱਝਦੇ ਦਾਣੇ ਦੇਖਣ ਲੱਗ ਪਿਆ ।

'ਅੱਜ ਕੱਲ ਦਾ ਸੂਰਜ, ਹੁਣ ਸਿਰ ਤੇ ਹੁਣ ਥੱਲੇ । ਇਸਦਾ ਕੀ ਏ । ਗਾਂਅ ਮੂੰਹ ਨੂੰ ਲਾਉਣ ਦੀ ਗੱਲ ਕਰ ।'

'ਦੇਖ ਜੰਮਦੀ...।' ਮਾਧੋ ਨੇ ਘਾਹ ਫੂਸ ਦਾ ਬਣਾਇਆ ਡੱਟ ਖਿਚ ਲਿਆ ।

ਦੋਵਾਂ ਨੇ ਵਾਰੋ ਵਾਰੀ ਮੂੰਹ ਲਾ ਕੇ ਪੀਤੀ ਤੇ ਚੁਟਕੀ ਚੁਟਕੀ ਪਸ਼ੂਆਂ ਵਾਲੇ ਲੂਣ ਦੀ ਵੀ ਮੂੰਹ ਵਿਚ ਪਾ ਲਈ । ਫਿਰ ਦੋਵਾਂ ਨੇ ਇਕ ਦੂਜੇ ਵੱਲ ਮੁਸਕਰਾ ਕੇ ਦੇਖਿਆ । 'ਬੜੀ ਚੀਜ਼ ਏ ।'

'ਕਿੰਨੇ ਰਹਿ ਗਏ ।' ਗਿੰਦਰ ਨੇ ਆਪਣੇ ਬਣਾਏ ਚੋਹ ਨੱਕਿਆਂ ਵੱਲ ਦੇਖਿਆ ।

'ਇਕੋ ਰਹਿੰਦਾ । ਇਹਨੂੰ ਅਜੇ ਮੋੜਿਆ ।'

'ਚਾਰ ਬਾਕੀ ਰਹਿੰਦੇ ਆ । ਉਹਨਾਂ ਦਾ ਵੀ ਕੰਮ ਮੁਕਾ ਈ ਨਾ ਜਾਈਏ । ਭਲਕੇ ਟਾਹਲੀ ਵਾਲੇ ਖੇਤ ਪਾਣੀ ਲਾਉਣ ਵਾਲੇ ਬਣਾਂ ਗੇ ।'

'ਛੱਡ ਪਰੇ ਯਾਰ ਕਵੇਲਾ ਹੋ ਜਾਣਾ । ਕਵੇਲੇ ਗਏ ਤਾਂ ਕੀ ਲਾਭ ਜਾਣ ਦਾ ।'

'ਫਿਰ ਵੀ ਦੋ ਕੁ ਹੋਰ ਭਰਨੇ ਈ ਪੈਣਗੇ । ਨਾਲੇ ਉਦੋਂ ਤੱਕ ਮੈਂ ਬੁੜ੍ਹੇ ਨੂੰ ਕਿਸੇ ਪਾਸੇ ਕਰਦਾਂ । ਲੰਬੜ ਬਣਿਆ ਬੈਠਾ ਕੋਠੇ ਮੋਹਰੇ । ...ਲੈ ਫੜ੍ਹ ।'

'ਲਾ ਲੈ ਤੂੰ ਪਹਿਲਾਂ । ਤਾਏ ਨੂੰ ਕੀ ਹੋ ਗਿਆ ।'

ਕੌੜੇ ਹੋਏ ਮੂੰਹ ਨੂੰ ਪਸ਼ੂਆ ਵਾਲੇ ਲੂਣ ਦੀ ਚੁਟਕੀ ਪਾ ਗਿੰਦਰ ਨੇ ਸਲੂਣਾ ਕੀਤਾ । 'ਤੈਨੂੰ ਕਿਹੜਾ ਨਹੀਂ ਪਤਾ । ਤੇਰੀ 'ਪੱਟੋ' ਦੇ ਪੁਆੜੇ ਆ ।'

'ਧਰਮ ਨਾਂ...ਬੜਾ ਸੁਆਦ ਆਉਂਦਾ ਜਦ ਕੋਈ ਸਾਡੇ ਇਸ਼ਕ ਤੋਂ ਸੜਦਾ ।'

'ਚੱਕਿਆ ਇਸ਼ਕ ਦਿਆ । ਕਣ ਵਾਲੇ ਹੁੰਦੇ ਤਾਂ ਤੇਰੀ ਬੋਟੀ ਬੋਟੀ ਕਰ ਦਿੰਦੇ । ਹੋਰ ਬਾਪੂ ਨੂੰ ਕੀ ਬਿਮਾਰੀ...।'

'ਮੈਂ ਹੀ ਉਹਨੂੰ ਕਹਿਨਾਂ ਤੇਰਾ ਠੇਕਾ ਲਿਆ ਸਾਰੇ ਸਰੀਕੇ ਦੀਆਂ ਰੰਨਾਂ ਦਾ । ਜਿਨ੍ਹਾਂ ਦੀ ਹੈਗੀ ਸਾਂਭਣ ਨਾ ਸਾਂਭਣ...ਸਾਨੂੰ ਕੀ ।'

'ਅੱਛਾ...।' ਮਾਧੋ ਨੇ ਬੋਤਲ ਮੂੰਹ ਵਿਚ ਉਲੱਦ ਮੁੜ ਪਸ਼ੂਆਂ ਵਾਲੇ ਲੂਣ ਦੀ ਚੁਟਕੀ ਮੂੰਹ ਵਿਚ ਪਾਈ । 'ਮੈਨੂੰ ਉਹ ਕੁਝ ਹੋਰ ਦੱਸਦੀ ਸੀ...ਪਈ ਤਾਇਆ ਵੀ ਫਿਰਦਾ ਸੀ ਗੇੜ ਕਰਨ ਨੂੰ...।'

'ਸੱਚ ?'

'ਤੇ ਹੋਰ ਕੀ...'

'ਕੀ ਕਹਿੰਦੀ ਸੀ ?'

'ਸ਼ਰਮ ਨੀ ਆਉਂਦੀ ਸਾਲਿਆ ਤੇਰੀ ਚਾਚੀ...।'

'ਤੇਰੀ ਮਾਂ ਦੀ...ਸੰਗ ਲਾਈ।' ਗਿੰਦਰ ਨੇ ਮਾਧੋ ਦੇ ਲੱਕ ਨੂੰ ਜੱਫਾ ਮਾਰ ਲਿਆ। 'ਬਕਦਾ ਸਿਧੀ ਤਰ੍ਹਾਂ ਕਿ ਨਹੀਂ, ਪਿੰਡ ਦੀਆਂ ਸਾਰੀਆਂ...।'

'ਦੱਸਦਾਂ ਉਏ ਦੱਸਦਾਂ ਵੱਡਿਆ ਕਾਹਲਿਆ...ਹੋਰ ਮੇਰੇ ਕਪੜੇ ਖਰਾਬ ਕਰਦਾਂ ਮੇਲੇ ਜਾਣ ਵਾਲੇ।' ਉਸ ਗਿੰਦਰ ਦਾ ਲੱਕ ਨੂੰ ਮਾਰਿਆ ਜੱਫਾ ਤੋੜਦਿਆਂ ਕਿਹਾ।

'ਪੁਤ ਬਣ ਫੇਰ...ਆ ਰਾਹ ਤੇ। ਗਿੰਦਰ ਨੇ ਆਪਣੇ ਆਪ ਹੀ ਲੱਕ ਛੱਡ ਦਿਤਾ ਅਤੇ ਉਹਦੇ ਮੋਹਰੇ ਖੜ੍ਹ ਗਿਆ।

'ਗੱਲ ਉਹਦੀ ਕੀ ਹੋਣੀ...ਚੂਪਣ ਨੂੰ ਗੰਨੇ ਦੀ ਪੋਰੀ...ਗੱਲ ਹੋਰ ...ਜੇ ਤੂੰ ਗੁੱਸਾ ਨਾ ਕਰੇਂ ਤਾਂ ਦੱਸਦਾਂ।'

'ਦੱਸ ਵੀ ਸਾਲਾ ਮੋਮਨ ਜਿਹਾ...।' ਗਿੰਦਰ ਦਾ ਦਿਲ ਖਰੂਦੀ ਹੋਇਆ ਪਿਆ ਸੀ ਅਤੇ ਉਸ ਦਾ ਦਿਲ ਕੀਤਾ ਮਾਧੋ ਦੇ ਇਕ ਧੌਲ ਮਾਰੇ। ਪਰ ਹੱਥ ਉਸ ਕਹੀ ਨੂੰ ਪਾ ਲਿਆ।

'ਗੱਲ ਉਹਦੀ ਨਹੀਂ...ਉਹ ਤੇ ਬੜੀ ਕੁਜਾਤ ਰੰਨ ਐ... ਜਿਹੜਾ ਮਰਜ਼ੀ ਟੰਗਾਂ ਮੋਢੇ ਧਰ ਲਏ...ਯਾਰ ਤੂੰ ਹੋਰ ਨੱਕੋ ਕਰੀ ਜਾਨਾਂ।'

'ਮੈਂ ਬੁੜ੍ਹੇ ਨੂੰ ਦੇਖਦਾਂ ਕਦ ਪੱਠਿਆਂ ਨੂੰ ਦਫਾ ਹੋਵੇ ਤੇ ਆਪਾਂ ਤਿੱਤਰ ਹੋਈਏ।...ਹਾਂ ਤੂੰ ਗੱਲ ਕਰ।'

'ਯਾਦ ਐ ਤੈਨੂੰ...ਝੀਂਡੇ ਨੇ ਮੇਰੇ ਡਿਗੇ ਪਏ ਦੇ ਡਾਂਗਾ ਮਾਰੀਆਂ ਸੀ। ਔਹ ਦੇਖ ਆਉਂਦੇ ਦੋਵੇਂ ਸੂਰਮੇ...ਦਿਖਾਵਾਂ ਮੁਰਗੇ ਬਣਾਕੇ। ...ਤੇਰੇ ਸ਼ਰੀਕੇ 'ਚੋਂ...ਤੂੰ ਨਾ ਗੁੱਸਾ ਕਰੀਂ।'

'ਪੰਜਾਹ ਵਾਰ ਤੈਨੂੰ ਕਿਹਾ, ਐਵੇਂ ਨਾ ਸਰੀਕੇ ਨੂੰ ਵਿਚ ਲੈ ਆਇਆ ਕਰ। ਜਿਹੜਾ ਉਹਦੇ ਕਰਕੇ ਔਖਾ ਹੁੰਦਾ ਰੇੜ੍ਹ ਦੇ ਸਾਲੇ ਨੂੰ ਕਸੂਰ ਤੇ ਉਹਦਾ. ਦੱਸ ਕੀ ਕਹਾਂ ਮੈਂ... ਜੋ ਵਿਆਹ ਕੇ ਪਿੰਡ ਛੱਡ ਗਿਆ, ਕੁਤਿਆਂ ਬਿਲ੍ਹਿਆਂ ਆਸਤੇ।...ਮਾਂ ਆਵਦੀ ਨੂੰ ਨਾਲ ਲੈ ਜਾਂਦਾ ਕੈਨੇਡਾ...ਜਾ ਵਿਆਹ ਨਾ ਕਰਾਉਂਦਾ, ਮਰਿਆ ਰਹਿੰਦਾ ਉਥੇ।'

ਜਿਥੇ ਉਹ ਪਾਣੀ ਲਾਉਂਦੇ ਸੀ। ਉਥੋਂ ਦੋ ਖੇਤਾਂ ਦੀ ਵਿੱਥ ਤੇ ਰਾਹ ਵਗਦਾ ਸੀ। ਛਿੰਝ ਦੇ ਸ਼ੌਂਕੀ ਵਿਰਲੇ ਵਿਰਲੇ ਜਾਣੇ ਸ਼ੁਰੂ ਹੋ ਗਏ ਸਨ। ਝੰਡਾ ਸਿਉਂ ਅਤੇ ਵੱਡਾ ਵੀ ਗੱਲੀਂ ਪਏ ਰਵਾਂ ਰਵੀਂ ਤੁਰੇ ਜਾਂਦੇ ਸਨ। ਝੰਡਾ ਸਿਉਂ ਦੇ ਹੱਥ ਗੰਡਾਸੀ ਲੱਗੀ ਡਾਂਗ ਸੀ ਤੇ ਵੱਡੇ ਕੋਲ ਖੂੰਡਾ।

ਗਿੰਦਰ ਨੇ ਮਾਧੋ ਦੇ ਆਖੇ ਉਹਨਾਂ ਨੂੰ ਆਵਾਜ਼ ਮਾਰੀ। ਪਹਿਲੀ ਆਵਾਜ਼ ਉਹਨਾਂ ਨੂੰ ਨਾ ਸੁਣੀ ਤਾਂ ਗਿੰਦਰ ਨੇ ਇਕ ਆਵਾਜ਼ ਹੋਰ ਮਾਰੀ ਅਤੇ ਨਾਲ ਹੀ ਹੱਥ ਦਾ ਇਸ਼ਾਰਾ ਉਹਨਾਂ ਨੂੰ ਆਉਣ ਵਾਸਤੇ ਕੀਤਾ।

ਉਹਨਾਂ ਨੇ ਮਾਧੋ ਨੂੰ ਦੇਖ ਇਨਕਾਰ ਕਰਨਾ ਚਾਹਿਆ। ਪਰ ਫੇਰ ਉਹਨਾਂ ਦੇ ਅੰਦਰ ਲੁਕੀ ਵਿਸ਼ ਨੇ ਹਿਲ-ਜੁਲ ਕੀਤੀ ਅਤੇ ਉਹਨਾਂ ਦੇ ਪੈਰ ਆਪਣੇ ਆਪ ਉਧਰ ਨੂੰ ਮੁੜ ਪਏ। ਉਹ ਮਾਧੋ ਨਾਲ ਟੱਕਰ ਲੈਣਾ ਚਾਉਂਦੇ ਸੀ ਪਰ ਜਰਕਦੇ ਸਨ। ਹੁਣ ਮੌਕਾ ਸੀ। ਇਕ ਤੇ ਉਹ ਬਿਗਾਨੇ ਖੇਤ ਵਿਚ ਸੀ। ਫਿਰ ਨਿਹੱਥਾ। ਇਸ ਤੋਂ ਚੰਗਾ ਮੌਕਾ ਕੀ ਹੋ ਸਕਦਾ ਸੀ ਕਿ ਉਸ ਦੇ ਮਾੜਾ ਮੋਟਾ ਚੂੰ-ਚਰਾਂ ਕਰਨਾ ਤੇ ਟਿਕਾਣੇ ਲਾ ਦੇਣ। ਗਿੰਦਰ ਦਾ ਕੋਈ ਡਰ ਨਹੀਂ ਸੀ। ਉਹ ਉਹਨਾਂ ਦਾ ਘਰਾਂ 'ਚੋਂ ਭਤੀਜਾ ਲੱਗਦਾ ਸੀ। ਉਸ ਦਾ ਉਲਟ ਹੋਣਾ ਬੜੀ ਅਸੁਭਾਵਕ ਗੱਲ ਸੀ।

ਉਹਨਾਂ ਦੇ ਪਹੁੰਚਣ ਤੇ ਮਾਧੋ ਨੇ ਬੜੀ ਅਪਣੱਤ ਨਾਲ ਬੋਤਲ ਪੇਸ਼ ਕੀਤੀ। ਥੋੜ੍ਹੇ ਜਿਹੇ ਰਸਮੀਂ ਇਨਕਾਰ ਵਜੋਂ ਉਹਨਾਂ ਨਾਂਹ ਕਰ ਦਿੱਤੀ, ਪੀਣੀ ਚਾਹੁੰਦੇ ਸੀ। ਗਿੰਦਰ ਦੇ ਕਹਿਣ ਤੇ ਝੰਡਾ ਸਿਉਂ ਨੇ ਬੋਤਲ ਫੜ ਲਈ।

'ਕੋਈ ਭਾਂਡਾ-ਟੀਂਡਾ ਨਹੀਂ।'

'ਹੈਦਾਂ ਈ ਚੱਕ ਜਾ, ਭਾਂਡਾ ਭਾਲਦਾ।' ਗਿੰਦਰ ਨੇ ਜਵਾਬ ਦਿਤਾ।

ਝੰਡਾ ਸਿਉਂ ਨੇ ਬੋਤਲ ਮੂੰਹ ਨੂੰ ਲਾ ਕੇ ਤਿੰਨ ਚਾਰ ਘੁੱਟਾਂ ਪੀਤੀਆਂ ਤੇ ਭੈੜਾ ਜਿਹਾ ਮੂੰਹ ਬਣਾ ਵਗਦੀ ਆਡ 'ਚੋਂ ਦੋ ਚੂਲੀਆਂ ਪਾਣੀ ਪੀਤਾ।

'ਚੀਰ ਪਾਉਂਦੀ ਜਾਂਦੀ... ਜਿਥੋਂ ਦੀ ਲੰਘਦੀ।' ਵੱਡੇ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਸ ਆਪਣੇ ਜੁੱਸੇ ਦੀ ਕਰੜਾਈ ਦਿਖਾਲਣ ਵਾਸਤੇ ਨਾ ਪਾਣੀ ਪੀਤਾ ਤੇ ਨਾ ਹੀ ਲੂਣ ਦੀ ਚੁਟਕੀ ਮੂੰਹ ਵਿਚ ਪਾਈ। ਉਂਝ ਦੋ ਤਿੰਨ ਘੰਗੂਰੇ ਮਾਰ ਕੇ ਗਲੇ ਦੀ ਕੁੜਿਤਣ ਠੀਕ ਕੀਤੀ।

...ਤੇ ਫਿਰ ਉਹ ਇਧਰ-ਉਧਰ ਦੀਆਂ ਗੱਲਾਂ ਕਰਦੇ ਰਹੇ। ਫਸਲ-ਵਾੜੀ ਦੀਆਂ, ਡੰਗਰਾਂ ਦੀਆਂ, ਲਵੇਰੇ ਦੀਆਂ ਤੇ ਹੋਰ ਹੋਰ ਜਿਧਰ ਨੂੰ ਵੀ ਗੱਲਾਂ ਦਾ ਰੁਖ ਬਦਲਦਾ ਰਿਹਾ। ਮਾਧੋ ਨਾਲ ਵੀ ਉਹ ਨਿਰਉਤਸ਼ਾਹੱਕ ਹੋ ਗੱਲਾਂ ਕਰਦੇ ਰਹੇ।

ਦੂਸਰੀ ਬੋਤਲ ਚੋਂ ਉਹਨਾਂ ਇਕ ਇਕ ਪੈਗ ਪੀਤਾ ਸੀ। ਜਦ ਝੰਡਾ ਸਿਉਂ ਨੇ ਪੁਛਿਆ, 'ਕਿਉਂ ਬਈ ਮੇਲੇ ਨਹੀਂ ਚਲਣਾ ?'

'ਚਲਣਾ ਮੇਲੇ, ਪਹਿਲਾਂ ਹੋ ਤੇ ਲਈਏ ਮੇਲੇ ਜਾਣ ਵਾਲੇ।' ਮਾਧੋ ਨੇ ਕਿਹਾ।

ਗਿੰਦਰ ਕਿਆਰਾ ਵੇਖਣ ਉੱਠ ਗਿਆ। ਮਾਧੋ ਨੇ ਉਸ ਨੂੰ ਪਿਛਿਉਂ ਆਵਾਜ਼ ਮਾਰੀ। 'ਉਏ, ਤਾਇਆ ਗਿਆ ਪੱਠਿਆ ਨੂੰ...ਦੌੜ ਜਾ ਜਾ ਕੇ ਕੁੜਤਾ ਚਾਦਰਾ ਲੈ ਆ।'

ਪਿਛੇ ਭੌਂ ਕੇ ਗਿੰਦਰ ਨੇ ਦੇਖਿਆ ਉਸ ਦਾ ਬਾਪੂ ਠੀਕ ਪੱਠਿਆਂ ਨੂੰ ਜਾ ਰਿਹਾ ਸੀ। ਦਾਤੀ, ਡੋੜੀ ਉਸ ਦੇ ਹੱਥ ਸਨ। ਇਸ ਤੋਂ ਚੰਗਾ ਵੇਲਾ ਨਹੀਂ ਸੀ ਮਿਲਣਾ ਕਪੜੇ ਪਾਉਣ ਦਾ। ਮਾਧੋ ਨੂੰ ਕਿਆਰਾ ਮੋੜਨ ਲਈ ਕਹਿ ਉਹ ਕਪੜੇ ਪਾਉਣ ਤੁਰ ਪਿਆ।

ਅਖੀਰਲੇ ਕਿਆਰੇ ਨੂੰ ਪਾਣੀ ਮੋੜ ਮਾਧੋ ਮੁੜ ਝੰਡਾ ਸਿਉਂ ਹੋਣਾਂ ਕੋਲ ਆ ਬੈਠਾ। ਉਹਨਾਂ ਨੂੰ ਈਰਖਾ ਸੀ ਮਾਧੋ ਤੇ ਗਿੰਦਰ ਦੀ ਦੋਸਤੀ ਦੇਖਕੇ। 'ਅੱਜ ਗਿੰਦਰ ਦੇ ਖੇਤ ਮਾਧੋ ਦਾ ...।' ਇਕ ਪਲ ਉਹਨਾਂ ਸੋਚਿਆ ਸੀ।

ਮਾਧੋ ਨੇ ਬੋਤਲ ਉਹਨਾਂ ਵੱਲ ਨੂੰ ਕੀਤੀ। ਪਰ ਉਹਨਾਂ ਇਨਕਾਰ ਕਰ ਦਿਤਾ।

'ਪੀ ਲਉ ਅੱਜ...ਮੁੜ ਕੀ ਪਤਾ ਕਰਮਾਂ 'ਚ ਹੋਵੇ ਜਾਂ ਨਾਂਹ।' ਉਸ ਮੁੜ ਪੀਣ ਤੇ ਜ਼ੋਰ ਦਿਤਾ।

'ਸਾਡੇ ਕਰਮਾਂ ਨੂੰ ਕੀ ਉਏ।' ਉਹਨਾਂ ਦੀਆਂ ਮੁੱਠਾਂ ਹਥਿਆਰਾਂ ਦੇ ਹੱਥਿਆਂ ਤੇ ਘੁੱਟੀਆਂ ਗਈਆਂ।

'ਗੱਲ ਦੱਸਦਾਂ...।' ਉਸ ਬੋਤਲ ਮੂੰਹੋਂ ਲਾਈ। ਅੱਧ ਕੱਕੀਆਂ ਮੁੱਛਾਂ ਨੂੰ ਪੁਠੇ ਹੱਥ ਨਾਲ ਉਤਾਂਹ ਚੁਕਿਆ। ਸ਼ਰਾਬੀ ਅੱਖਾਂ ਵਿਚ ਲਾਲੀ ਦੇ ਡੋਰੇ ਭਰ ਕੇ ਅਤੇ ਚਿਹਰੇ ਨੂੰ ਸਖ਼ਤ ਬਣਾ ਉਸ ਘੰਗੂਰਾ ਮਾਰਿਆ।

'ਕਿਉਂ ਝੰਡਿਆ...ਦੱਸਾਂ ਗੱਲ...ਚੇਤੇ ਕਰ, ਜਦ ਤੂੰ ਮੇਰੇ ਡਿਗੇ

ਪਏ ਦੇ ਡਾਗਾਂ ਮਾਰੀਆਂ ਸੀ। ਅੱਜ ਆ ਗਿਆ ਵੇਲਾ ਪੁਤਰੋ, ਜਦ ਤੁਹਾਡੀ ਡਾਂਗ...।' ਗੱਲ ਉਸ ਮੁਕਾਈ ਨਹੀਂ ਸੀ ਜਦ ਝੰਡਾ ਸਿਉਂ ਦੀ ਗੰਡਾਸੀ ਉਸ ਵੱਲ ਉਭਰੀ। ਮਾਧੋ ਨੇ ਗਤਕੇਬਾਜ਼ ਵਾਂਗ ਪੈਂਤੜਾ ਬਦਲਿਆ ਤੇ ਖੂੰਡਾ ਸੰਭਾਲ ਰਹੇ ਵੱਡੇ ਤੋਂ ਉਸ ਝਟਕਾ ਮਾਰ ਖੋਹ ਲਿਆ। ਝੰਡਾ ਸਿਉਂ ਦੀ ਗੰਡਾਸੀ ਦਾ ਵਾਰ ਦੁਬਾਰਾ ਵੀ ਖਾਲੀ ਗਿਆ। ਪਰ ਮਾਧੋ ਨੇ ਝੀਂਡੇ ਦੀ ਗੰਡਾਸੀ ਦੇ ਦਸਤੇ ਤੇ ਖੂੰਡਾ ਮਾਰ, ਦਸਤਾ ਫਿਹ ਦਿੱਤਾ ਝੀਂਡੇ ਦੇ ਹੱਥਾਂ ਤੇ ਵੀ ਕਾਫੀ ਸੱਟ ਲੱਗੀ ਤੇ ਉਹ ਗੰਡਾਸੀ ਛੱਡ ਪਿਛਾਂਹ ਹੋ ਗਿਆ। ਵੱਡਾ ਕਹੀ ਵੱਲ ਨੂੰ ਅਹੁਲਿਆ ਤਾਂ ਮਾਧੋ ਨੇ ਲਲਕਾਰਾ ਮਾਰਿਆ। ਉਹ ਐਸਾ ਘਬਰਾਇਆ ਕਿ ਆਪ ਹੀ ਠੋਕਰ ਖਾ ਡਿੱਗ ਪਿਆ। ਝੰਡਾ ਸਿਉਂ ਨੇ ਬੌਂਦਲਾਈ ਅਵਸਥਾ ਵਿਚ ਭਜਣਾ ਚਾਹਿਆ। ਪਰ ਭਰਾ ਨੂੰ ਡਿਗਾ ਪਿਆ ਦੇਖ ਉਹ ਭੱਜ ਨਾ ਸਕਿਆ ਤੇ ਹੱਥੀ ਮਾਧੋ ਦੀਆਂ ਲੱਤਾਂ ਨੂੰ ਜਾ ਪਿਆ। ਮਾਧੋ ਨੇ ਹੇਠੋਂ ਲੱਤ ਮਾਰ ਤੇ ਉਪਰੋਂ ਖੂੰਡੇ ਦੀ ਹੁੰਦ ਨਾਲ ਉਸ ਨੂੰ ਵੀ ਸਿਟ ਲਿਆ। ਡਿਗੇ ਪਏ ਝੀਂਡੇ ਵੱਲ ਉਸ ਖੂੰਡਾਂ ਉਲਾਰ ਕਿਹਾ, 'ਕਰ ਉਏ ਝੀਂਡਿਆ ਯਾਦ ਉਸ ਵੇਲੇ ਨੂੰ...।'

ਤੇ ਝੰਡਾ ਸਿਉਂ ਨੂੰ ਲੱਗਾ ਜਿਵੇਂ ਖੂੰਡਾ ਉਸ ਦੇ ਸਿਰ ਵਿਚ ਪਿਆ ਹੋਵੇ ਅਤੇ ਉਸ ਦਾ ਸਿਰ ਫਿੱਸੇ ਹੋਏ ਬਾਂਸ ਵਰਗਾ ਹੋ ਗਿਆ ਹੋਵੇ।

ਪਰ ਖੂੰਡਾ ਤੇ ਮਾਧੋ ਦੇ ਸਿਰ ਤੋਂ ਅਜੇ ਉਲਰਿਆ ਆਉਂਦਾ ਸੀ। ਉਸ ਸਹਿਮ ਜਿਹੇ ਨਾਲ ਪਾਸੇ ਨੂੰ ਹੁੰਦਿਆਂ ਚੀਕ ਮਾਰੀ।

'ਨਾ ਮਾਰੀਂ ਉਏ...।'

'ਨਾ ਮਾਰੀਂ ਉਏ, ਅਸੀਂ ਕੈਲੀਆਂ ਗਊਆਂ।' ਵੱਡੇ ਦੀਆਂ ਅੱਖਾਂ ਖੂੰਡੇ ਵਿਚ ਸਨ। ਤੇ ਉਹ ਆਡ ਦੀ ਬੰਨੀ ਦਾ ਸਹਾਰਾ ਲੈ ਉਠਣ ਉਠਣ ਕਰਦਾ ਸੀ।

'ਕੈਲ੍ਹੀਆਂ ਗਊਆਂ, ਤੇ ਚੁਗੋ ਘਾਹ...।' ਚੰਡਾਲ ਅਜੇ ਵੀ ਸਿਰ ਤੇ ਉਭਰਿਆ ਹੋਇਆ ਸੀ। ਉਸ ਦੇ ਇਕ ਉਲਾਰ ਵਿਚ ਇਕ ਮੌਤ ਸੀ।

ਉਹਨਾਂ ਨੇ ਦੇਰ ਨਾ ਕੀਤੀ। ਇਕ ਛਿਣ ਅੰਦਰ ਉਹ ਦੋਵੇਂ ਗੋਡਿਆਂ-ਰੈਣੀ ਹੋ ਗਏ। ਹਰੇ ਘਾਹ ਦੀਆਂ ਤਿੜਾਂ ਉਹਨਾਂ ਦੀ ਅੱਧ ਕਾਲੀ ਦਾੜ੍ਹੀ ਵਿਚ ਕਮਲਾ ਗਈਆਂ।

'ਬੋਲੋ ਕੈਲ੍ਹੀਉ ਗਊਓ...।' ਇਕ ਪੱਥਰ ਹੋਰ, ਪੋਲੀ ਮਿੱਟੀ ਵਿਚ ਧੱਸਿਆ ਗਿਆ।

ਉਹਨਾਂ ਜਿਊਣ ਲਈ ਇਕ ਹੋਰ ਤਰਲਾ ਲਿਆ ਅਤੇ 'ਉ...ਗਾਂ' ਦੀ ਆਵਾਜ਼ ਕੱਢੀ।

ਉਹਨਾਂ 'ਚੋਂ ਕਿਸੇ ਨੂੰ ਵੀ ਨਹੀਂ ਸੀ ਪਤਾ। ਕਦ ਗਿੰਦਰ ਕਪੜੇ ਪਾ ਅਤੇ ਖੂਹ ਛੱਡ ਵਾਪਸ ਆ ਗਿਆ ਸੀ। ਉਹ ਇਕ ਪਾਸੇ ਛੁਪ ਕੇ ਇਹ ਸਾਰਾ ਕੁਝ ਦੇਖਦਾ ਰਿਹਾ ਸੀ। ਜਦ ਉਹ ਕੈਲੀਆਂ ਗਊਆਂ ਬਣੀਆਂ ਤੇ ਫਿਰ ਘਾਹ ਚੁਗਿਆ ਅਤੇ ਬੋਲੀਆਂ ਤਾਂ ਉਸ ਦੇ ਸਿਰ ਨੂੰ ਇਕ ਘੁਮੇਰਨੀ ਜਿਹੀ ਚੜ੍ਹੀ। ਇਤਨੀ ਬੇਪੱਤੀ ਉਸ ਕਦੇ ਨਹੀਂ ਸੀ ਕੋਈ ਕਰਾਉਂਦਾ ਦੇਖਿਆ। ਉਸ ਦਾ ਦਿਲ ਕੀਤਾ ਉਹ ਉਠੇ ਤੇ ਉਹਨਾਂ ਦੇ ਸਿਰ ਅੱਡੀਆਂ ਮਾਰ ਮਾਰ ਆਂਡਿਆਂ ਵਾਂਗ ਭੰਨ ਦਵੇ।

...ਤੇ ਫਿਰ ਉਹ ਉਠਿਆ, ਸਪਰਿੰਗ ਦੀ ਨਿਆਈਂ ਛਾਲ ਮਾਰ ਕੇ। ਉਸ ਇਕ ਜ਼ੋਰ ਦੀ ਲੱਤ ਕੈਲ੍ਹੀ ਗਊ ਬਣੇ ਝੀਂਡੇ ਦੀ ਪਿੱਠ ਤੇ ਮਾਰੀ। ਉਹ ਮੂੰਹ ਪਰਨੇ ਡਿਗਾ ਤੇ ਉਸ ਦੀ ਨਿਕਲਦੀ ਚੀਕ ਮੂੰਹ ਵਿਚ ਮਿਟੀ ਭਰ ਕੇ ਬੰਦ ਹੋ ਗਈ। ਇਕ ਲੱਤ ਉਸ ਵੱਡੇ ਦੀ ਪਿੱਠ ਤੇ ਮਾਰੀ ਤੇ ਉਸ ਦਾ ਮੂੰਹ ਗਿਲੀ ਆਡ ਵਿਚ ਗੱਡਿਆ ਗਿਆ।

ਫਿਰ ਉਸ ਨੇ ਦਬਕਾ ਮਾਰ ਕੇ ਉਹਨਾਂ ਨੂੰ ਭੱਜ ਜਾਣ ਲਈ ਕਿਹਾ। ਅਤੇ ਉਹ ਡਰਦੇ ਡਰਦੇ, ਡਰਦੇ ਕੁਤੇ ਵਾਂਗ ਡਰਦੇ ਡਰਦੇ ਭੱਜ ਗਏ।

'ਉ...ਐ।' ਕਰ ਮਾਧੋ ਨੇ ਚੀਕ ਮਾਰੀ। ਫਿਰ ਉਚੀ ਸਾਰੀ ਬੋਲੀ ਮਾਰੀ। 'ਐਹਦੇ ਜ਼ੋਰ ਰਮਾਉਂਦੀ ਐ ਹਰੋਜ਼ ਰਾਤ ਨੂੰ...ਐਹਦੇ ਜ਼ੋਰ ਤੁਹਾਡੀ ਕੁਸ਼ ਲਗਦੀ।' ਅਤੇ ਉਸ ਅੱਗਿਉਂ ਚਾਦਰਾ ਚੁਕਿਆ ਫਿਰ ਪਟਾਕਿਆਂ ਦੇ ਬੰਡਲ ਨੂੰ ਲੱਗੀ ਅੱਗ ਵਾਂਗ ਖਿੜ ਖਿੜ ਕਰਕੇ ਹੱਸ ਪਿਆ।

'ਸਾਂਭ ਉਏ ਤੂੰ ਵੀ ਖੂੰਡਾ ਵੱਡਿਆ ਰਾਠਾ। ਹਿੜ ਹਿੜ ਦੰਦ ਕੱਢਦਾ ਭੈਣ ਆਵਦੀ ਦਾ ਖਸਮ।' ਗਿੰਦਰ ਦਾ ਹੱਥੀਯਾ ਮਾਧੋ ਦੇ ਖੂੰਡੇ ਨੂੰ ਕਲਮ ਕਰ ਗਿਆ।

ਅਜੇ ਉਹ ਹੈਰਾਨ ਹੀ ਸੀ। ਸੰਭਲ ਵੀ ਨਹੀਂ ਸੀ ਸਕਿਆ ਕਿ ਗਿੰਦਰ ਨੇ ਇਕ ਵਾਰ ਹੋਰ ਕਰ ਦਿੱਤਾ। ਵਾਰ ਤੋਂ ਬਚਦਾ ਹੋਇਆ ਮਾਧੋ ਆਪਣੇ ਹੀ ਚਾਦਰੇ ਵਿਚ ਅੜ੍ਹ ਕੇ ਡਿਗ ਪਿਆ। ਤੇ ਫਿਰ ਗਿੰਦਰ ਉਸ ਦੀ ਹਿੱਕ ਤੇ ਬੈਠਾ ਗਿੜਗੜਾਇਆ, 'ਤੂੰ ਇਉਂ ਨਹੀਂ ਕਰਨੀ ਸੀ ਇਹ ਗੱਲ ਹੋਰ ਸੀ...ਉਹ ਗੱਲ ਹੋਰ ਸੀ।'

*[Squamish, B.C.]*


**If you are looking for**
***Quality**
*** Quality**
*** Price**
*** After sale service when buying your car contact**
**Kuldip S. Jhand**



ਕਿਸੇ ਪਰਕਾਰ ਦੀ ਕਾਰ ਖ੍ਰੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ੍ਰੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ



**Office**
**521-7731**
**Res. 524-4137**

**WESTMINSTER CHEVROLET-OLDSMOBILE**
12 th Ave. at Queens Ave
New West Minster

# Super Saver Grocery Store
# 6236 Fraser Street, Vancouver

## ਸਪੈਸ਼ਲ ਸੇਲ

| | |
|---|---|
| ਸਾਬਤ ਮੂੰਗੀ ਸਪੈਸ਼ਲ | 2 ਕਿਲੋ - $1.99 |
| ਸਪਲਿਟ ਪੀਜ਼ (ਦਲੇ ਹੋਏ ਮਟਰ) | 2 ਕਿਲੋ - $1.99 |
| ਲਾਲ ਮਸਰ | 2 ਕਿਲੋ - $1.99 |
| ਮੱਕੀ ਦਾ ਆਟਾ | 2 ਕਿਲੋ - .99 |
| ਮਾਂਹ ਸਾਬਤ | 2 ਕਿਲੋ - $1.99 |

ਦੋ ਬੋਤਲਾਂ ਪਾਪ ਦੀਆਂ ਖਰੀਦੋ
ਤੇ ਇਕ ਫਰੀ!




PAL

*Time: 9 a.m.-9 p.m. Seven days a week.*

**Tel.: Bus.: 324-1838,**
**Res.: 278-5802**

*PAUL'S PLUMBING*
*& ELECTRICAL SUPPLY*

**PLUMBING & BATHROOM FIXTURES & SUPPLIES**
**HOT WATER TANKS**
**HOT WATER HEATING & SUPPLIES**





**For All Your Plumbing & Electrical Supplies**

| | |
|---|---|
| Dryer, Plug & Cord | $7.95 |
| Stove, Plug & Cord | $7.95 |
| Dryer Wire | .41 cents/Ft |
| Stove Wire | .63 cents/Ft. |
| 100 AMP Panel W/Main Breaker | $36.95 |

**Bring This Ad To Get The Above Prices**

ਸਾਡੇ ਕੋਲ ਆਵੋ, ਪੰਜਾਬੀ 'ਚ ਗਲਬਾਤ ਕਰੋ
ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫ਼ੋਨ ਕਰੋ।

872 3118

**English-Punjab-Hindi Spoken**
**4774 Main St (at 32nd)**
**Vancouver • 872-3118**
**Open Sunday — Parking at rear.**

# VIDEO SHOP

**FRANCHISED DEALERS**

**IN**

**Philips Candle Akai**
**Sanyo Magnavox**
**Sansui Sony RCA**

** VIDEO CASSET RECORDER*

** HINDI & PUNJABI FILMS ON VIDEO CASSET.*

** COLOUR CAMERAS*

** RCA VCT 400 $1395*

**BUS. 321-1333**
**RES. 325-9679**

6669 Main Street, Vancouver, B.C.

# ਪ੍ਰਦੇਸੀ

ਸੁਖਵੰਤ ਸਿੰਘ ਹੁੰਦਲ

ਫਾਇਰ ਪਲੇਸ ਕੋਲ ਖੜੇ ਅੱਗ ਸੇਕਦੇ ਨੂੰ ਇਹ ਗੱਲ ਪਤਾ ਨਹੀਂ ਕਦੋਂ ਯਾਦ ਆ ਗਈ ਸੀ ਪਰ ਇਸ ਨੂੰ ਇਸ ਤੇ ਹਾਸਾ ਆ ਗਿਆ ਸੀ। ਉਸਨੂੰ ਉਹ ਲੋਕ ਬੜੇ ਸੁਦਾਈ ਜਾਪਦੇ ਜੋ ਕਹਿੰਦੇ ਇਹ ਦੇਸ਼ ਸਾਡਾ ਨਹੀਂ ਅਸੀਂ ਤਾਂ ਇਥੇ ਪ੍ਰਦੇਸੀ ਹਾਂ। ਉਸ ਸੋਚਿਆ: ਜੋ ਕੁਝ ਦੇਸ਼ ਹੁੰਦਾ ਹੈ ਉਹ ਸਭ ਕੁੱਝ ਇਥੇ ਹੁੰਦਾ ਹੈ ਸਗੋਂ ਉਥੋਂ ਨਾਲੋਂ ਵਧੀਆ। ਉਥੇ ਸਿਆਲ ਵਿਚ ਬਾਹਰ ਖੇਤਾਂ 'ਚ ਕੱਖ ਕਾਨ ਇਕੱਠਾ ਕਰ ਅੱਗ ਬਾਲ ਧੂਣੀ ਸੇਕਦੇ ਸੀ। ਮਜ਼ਾ ਤਾਂ ਬਹੁਤ ਆਉਂਦਾ ਸੀ ਪਰ ਪਹਿਲਾਂ ਤਾਂ ਕੱਖ ਕਾਨ ਇਕੱਠਾ ਕਰਦਿਆਂ ਦੇ ਹੀ ਹੱਥ ਪੈਰ ਸੁੰਨ ਹੋ ਜਾਂਦੇ ਸਨ। ਰਹਿੰਦੀ ਕਸਰ ਗਿੱਲੇ ਬਾਲਣ ਨੂੰ ਫੂਕਾਂ ਮਾਰ ਮਾਰ ਪੂਰੀ ਹੋ ਜਾਂਦੀ ਸੀ। ਏਥੇ ਆਰਾਮ ਨਾਲ ਸੋਫੇ ਤੇ ਬੈਠ ਉਹ ਹੀ ਮਜ਼ਾ ਲੈ ਲੈਂਦਾ ਹੈ ਬੰਦਾ।

ਖਾਣ ਪੀਣ ਨੂੰ ਹਰ ਤਰ੍ਹਾਂ ਦੀ ਚੀਜ਼ ਮਿਲ ਜਾਂਦੀ ਹੈ। ਉਸਨੂੰ ਯਾਦ ਆਇਆ ਕਿ ਦੇਸ਼ ਕਹਿੰਦੇ ਹੁੰਦੇ ਸੀ ਬਈ ਹੋਰ ਤਾਂ ਸਭ ਕੁਝ ਮਿਲ ਜਾਂਦਾ ਹੈ ਬਾਹਰ ਪਰ ਮੱਕੀ ਦਾ ਆਟਾ ਤੇ ਗੰਦਲਾਂ ਦਾ ਸਾਗ ਨਹੀਂ ਮਿਲਦਾ। ਪਰ ਇਥੇ ਜਿਨੀਂ ਮਰਜ਼ੀ ਮੱਕੀ ਦਾ ਆਟਾ ਖਰੀਦ ਲਉ; ਚਾਹੇ ਸਾਰੇ ਪਿੰਡ ਨੂੰ ਨਿਉਂਦਾ ਦੇ ਦਿਉ। ਹੋਰ, ਅਖੇ ਦੁਆਬਾ ਛਡ ਦਿਤਾ ਅੰਬਾਂ ਨੂੰ ਬੜਾ ਤਰਸਦਾ ਹੈਂ; ਪਰ ਰੁੱਤ ਮੁਤਾਬਕ ਅੰਬ ਵੀ ਮਿਲ ਜਾਂਦੇ ਆ, ਪੈਸਾ ਜ਼ਰੂਰ ਖਰਚਣਾ ਪੈਂਦਾ। ਪੈਸਾ ਆਪ ਨਹੀਂ ਖਰਚ ਸਕਦੇ ਕਸੂਰ ਏਸ ਦੇਸ਼ ਦਾ।

ਅਖੇ ਆਪਣੇ ਘਰ ਵਰਗੀ ਰੀਸ ਨਹੀਂ; ਪਰ ਏਥੇ ਵੀ ਤਾਂ ਮੇਰਾ ਆਪਣਾ ਘਰ ਹੈ। ਉਥੇ ਵੀ ਬੰਦਾ ਆਪਣਾ ਘਰ ਆਪ ਬਣਾਉਂਦਾ ਹੈ ਤੇ ਇਥੇ ਵੀ ਮੈਂ ਆਪ ਬਣਿਆ ਬਣਾਇਆ ਮੁੱਲ ਲਿਆ, ਕੀ ਫਰਕ ਪਿਆ? ਘਰ ਤਾਂ ਮੇਰਾ ਹੀ ਆ; ਮੈਂ ਆਪਣੇ ਘਰ ਜੋ ਚਾਹਾਂ ਕਰ ਸਕਦਾ ਹਾਂ — ਮੈਂ ਭੰਗੜਾ ਪਾ ਸਕਦਾ ਹਾਂ, ਨੱਚ ਸਕਦਾ ਹਾਂ, ਜੇ ਚਾਹਾਂ ਤਾਂ ਮਿਰਜ਼ੇ ਦੀ ਹੇਕ ਲਾ ਸਕਦਾ ਹਾਂ।

ਮਿਰਜ਼ੇ ਦੀ ਹੇਕ ਨਾਲ ਉਸਨੂੰ ਰੇਡੀਓ ਤੇ ਆ ਰਹੇ ਪੰਜਾਬੀ ਪ੍ਰੋਗਰਾਮ ਦਾ ਖ਼ਿਆਲ ਆਇਆ। ਉਸਨੇ ਉਠ ਕੇ ਰੇਡੀਓ ਆਨ ਕਰ ਦਿਤਾ। ਉਸ ਦੀ ਪਸੰਦ ਦਾ ਗੀਤ ਆ ਰਿਹਾ ਸੀ। ਉਹ ਬੋਲਾਂ ਤੇ ਝੂਮਦਾ ਗੀਤ 'ਚ ਮਸਤ ਸੀ। ਉਸਦੀ ਮਸਤੀ ਤਦ ਟੁੱਟੀ ਜਦੋਂ ਉਸ ਦੀ ਵੱਡੀ ਕੁੜੀ ਸ਼ੈਰੀ ਨੇ ਰੇਡੀਓ ਬੰਦ ਕਰ ਟੀ.ਵੀ. ਤੇ ਆ ਰਿਹਾ ਕਾਮਿਡੀ ਸ਼ੋਅ ਲਾ ਲਿਆ। ਜਦੋਂ ਉਸਨੇ ਸ਼ੈਰੀ ਨੂੰ ਰੇਡੀਓ ਬੰਦ ਕਰਨ ਦਾ ਕਾਰਨ ਪੁੱਛਿਆ ਤਾਂ ਸ਼ੈਰੀ ਨੇ ਅੱਗੋਂ ਅੰਗ੍ਰੇਜ਼ੀ ਵਿਚ ਕਿਹਾ, "ਮੈਨੂੰ ਨਹੀਂ ਪੰਜਾਬੀ ਚੰਗੀ ਲਗਦੀ।" ਇਹ ਸੁਣ ਉਸਨੂੰ ਜਾਪਿਆ: ਇਸ ਹਰ ਬੇਗਾਨੀ ਨੂੰ ਆਪਣਾ ਦੇਸ਼ ਵਾਲਾ ਘਰ ਸਮਝਣਾ ਉਸਦਾ ਇਕ ਭੁਲੇਖਾ ਸੀ।


ਉਤਰੀ ਅਮਰੀਕਾ ਮਹਾਂਦੀਪ ਵਿਚ ਪੰਜਾਬੀ ਦਾ ਇਕੋ ਇਕ ਸਾਹਿੱਤਕ-ਸੱਭਿਆਚਾਰਕ ਮਾਸਿਕ




ਖ਼ੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ **ਅੱਠ** ਡਾਲਰ ਤੇ ਛਿਮਾਹੀ ਚੰਦਾ **ਚਾਰ** ਡਾਲਰ ਹੈ।

THE WATNO DŪR

ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ!

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ,

- ਮੈਂ ਅੱਠ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:

.................................... ....................................
.................................... ....................................
.................................... ....................................
.................................... ....................................

# ਦਰਪਣ

ਤਾਰਾ ਸਿੰਘ ਹੇਅਰ ਵਲੋਂ ਡਾ: ਦੁਸਾਂਝ ਦੇ ਲੇਖ ਦੀ ਚੋਰੀ ਤਾਰਾ ਸਿੰਘ ਲਈ ਕੋਈ ਸ਼ਰਮਸਾਰ ਕਰਤੂਤ ਨਹੀਂ; ਕਿਉਂਕਿ ਉਹ ਤਾਂ ਖ਼ੁਦ ਸ੍ਵੀਕਾਰ ਕਰਦਾ ਹੈ ਕਿ ਸਾਹਿਤ (ਉਸ ਦੀ ਨਜ਼ਰ 'ਚ) ਵਪਾਰ ਹੈ। ਤੁਸੀਂ ਏਨੀ ਦ੍ਰਿੜਤਾ ਨਾਲ ਏਡੇ ਲੰਮੇ ਸਮੇਂ ਤੋਂ ਘਾਟੇ ਖੱਪੇ ਝੱਲਕੇ ਵੀ ਸਾਹਿਤਕ ਕਦਰਾਂ ਕੀਮਤਾਂ ਦੇ ਮਿਆਰ ਤੋਂ ਹੇਠਾਂ ਨਹੀਂ ਖਿਸਕੇ ਜਦੋਂ ਕਿ ਤਾਰਾ ਸਿੰਘ ਮਿਆਰ ਨਾਂ ਦੀ ਸ਼ੈ ਤੋਂ ਉੱਕਾ ਨਾਵਾਕਫ਼ ਹੈ। ਵਿਚਾਰ ਦੁਆਰੇ ਵਿਚ ਇਕ ਤ੍ਰਲੋਚਨ ਗਿੱਲ ਹੈ; ਇਨ੍ਹਾਂ ਲੋਕਾਂ ਦੀ Tragedy ਇਹ ਹੈ ਇਹ ਸਾਹਿਤਕ ਸੂਝ ਤੇ ਸਾਹਿਤਕ ਈਮਾਨਦਾਰੀ ਦੇ ਪੱਖੋਂ ਪੂਰੇ ਕੰਗਾਲ ਹਨ। ਉਂਞ ਇਹਨਾਂ ਫਿਗ ਫਟਕੜੀ ਵੇਚਣ ਵਾਲਿਆਂ ਨਾਲ ਬਹਿਸਣਾ ਸਾਨੂੰ ਸੋਭਦਾ ਤਾਂ ਨਹੀਂ ਕਿਉਂਕਿ ਸਿਆਣੇ ਲੋਕ ਇਹਨਾਂ ਤੋਂ ਬਚਣ ਦੀ ਹਦਾਇਤ ਕਰਦੇ ਹਨ; ਪਰ ਇਨ੍ਹਾਂ ਲੋਕਾਂ ਨੂੰ expose ਕਰਨ ਤੋਂ ਕਿਨਾਰਾ ਵੀ ਫ਼ਰਜ਼ ਤੋਂ ਕੁਤਾਹੀ ਦੇ ਬਰਾਬਰ ਹੈ।

ਦੂਸਰੀ ਗੱਲ ਹੈ ਦਰਸ਼ਨ ਗਿੱਲ ਦੇ ਖ਼ਤ ਬਾਰੇ। ਉਂਞ ਮੈਂ ਦਰਸ਼ਨ ਗਿੱਲ ਦੇ ਇਸ ਖ਼ਤ ਵਿਚਲੇ ਵਿਚਾਰਾਂ ਨੂੰ ਵਿਚਾਰ ਅਧੀਨ ਲਿਆਉਣ ਦੀ ਖ਼ਾਹਿਸ਼ ਕਰਦਾ ਹਾਂ, ਪਰ ਮੇਰਾ ਇਹ ਵੀ ਸੁਆਲ ਹੈ ਕਿ ਕੀ ਇਹ ਉਹੀ ਬੰਦਾ ਹੈ ਜੀਹਨੇ ਕਦੀ ਸੁਖਿੰਦਰ ਦੇ ਵਿਰੁੱਧ ਬਹੁਤ ਹੀ ਘਟੀਆ ਕਿਸਮ ਦੀ ਦੂਸ਼ਣਬਾਜ਼ੀ ਨੀਵੇਂ ਪੱਧਰ ਦੀ ਸ਼ਬਦਾਵਲੀ 'ਚ ਕਨੇਡਾ ਦੇ ਇਕ ਅਖ਼ਬਾਰ 'ਚ ਛਾਪੀ ਸੀ? ਅਜੇਹੀ ਹੀ ਇਕ ਹੋਰ ਚਿੱਠੀ ਇਕ ਹੋਰ ਸੱਜਣ ਨੇ ਤਾਰਾ ਸਿੰਘ ਦੇ ਅਖ਼ਬਾਰ (?) ਵਿਚ ਪ੍ਰਕਾਸ਼ਤ ਕੀਤੀ ਸੀ। ਸਾਹਿਤਕ ਵਾਦ ਵਿਵਾਦ ਦਾ ਮਾਧਿਅਮ ਸਾਹਿਤਕ ਭਾਸ਼ਾ ਹੀ ਹੋ ਸਕਦੀ ਹੈ, ਗਾਲ੍ਹੀ ਗਲੋਚ ਤੇ ਜ਼ਾਤੀ ਹਮਲੇ ਆਪਣੇ ਆਪ ਨੂੰ ਸਾਹਿਤਕਾਰ ਸਮਝਣ ਵਾਲਿਆਂ ਨੂੰ ਨਹੀਂ ਸੋਭਦੇ। ਫਲਾਣੇ ਦੀ "ਦਾਹੜੀ ਹੇਠ ਚੋਰ ਜੰਮਦੇ ਹਨ" ਤੇ ਫਲਾਣੇ ਹੇਠ ਸ਼ੀਸ਼ੇ, ਇਸ ਦਾ ਫੈਸਲਾ ਠੋਸ ਹਕੀਕਤਾਂ ਦੇ ਆਧਾਰ ਤੇ ਹੋਵੇਗਾ ਨਾ ਕਿ ਖੁਣਸ ਸਹਾਰੇ। ਕੱਦਾਂ ਦਾ ਫੈਸਲਾ ਏਸ ਗੱਲ ਤੇ ਵੀ ਨਹੀਂ ਹੋਣਾ ਕਿ ਮੈਂ 47 ਤੋਂ "ਪਹਿਲਾਂ ਜੰਮਿਆਂ ਸੀ ਕਿ ਮਗਰੋਂ," ਤੇ ਨਾਂ ਹੀ ਇਸ ਗੱਲ ਤੇ ਕਿ "ਮੈਂ ਉਦੋਂ ਤੋਂ ਛਪਦਾ ਹਾਂ ਜਦੋਂ ਤੂੰ ਦੂਜੀ 'ਚ ਪੜ੍ਹਦਾ ਸੀ"...। ਚੰਗਾ ਹੋਵੇ ਜੇ ਅਸੀਂ ਇਕੱਠ 'ਚ ਸੋਟੀਆਂ ਮਾਰਨ ਦੀ ਥਾਂ ਇਕ ਦੂਜੇ ਦੇ ਗੁਣਾਂ ਦੋਸ਼ਾਂ ਦਾ ਲੇਖਾ ਜੋਖਾ ਈਮਾਨਦਾਰੀ ਨਾਲ ਕਰੀਏ।

ਇਕਬਾਲ ਵਾਟਰਲੂ (ਔਨਟੇਰੀਓ)

ਔਂਤਰੀ ਦਾ ਪਰਚਾ (ਨਵੰਬਰ-ਦਸੰਬਰ '78) ਮਿਲ ਗਿਆ। ਪਿਛਲੇ ਕਈ ਮਹੀਨਿਆਂ ਤੋਂ ਪਰਚਾ ਨਾ ਮਿਲਣ ਸਦਕਾ, ਇਸ ਵਿਚ ਛਪੀਆਂ ਰਚਨਾਵਾਂ ਬਾਰੇ ਮੈਨੂੰ ਕੋਈ ਖ਼ਬਰ ਨਹੀਂ ਸੀ। ਪਰ ਔਂਤਰੀ ਦੇ ਪਰਚੇ ਵਿਚ <u>ਦਰਪਣ</u> ਹੇਠਾਂ ਇਕ ਬੜਾ ਹੀ ਅਜੀਬ ਕਿਸਮ ਦਾ <u>ਸੰਕਟ</u> ਵੇਖਣ ਵਿਚ ਆਇਆ ਹੈ। ਪਰ ਇਸ ਗੱਲ ਦੀ ਸਮਝ ਨਹੀਂ ਲਗ ਸਕੀ ਕਿ ਇਹ ਸੰਕਟ ਕੀ ਹੈ? ਕਿਉਂਕਿ ਖ਼ਤ ਦੇ ਲੇਖਕ ਨੇ ਲਿਖਿਆ ਹੈ, "ਜਿੰਨਾ ਚਿਰ ਪਰਚੇ ਦਾ ਕੋਈ ਨਿਸ਼ਾਨਾ ਨ ਹੋਵੇ ਜਾਂ ਸੌੜੇ ਹਿੱਤ ਹੋਣ, ਤਾਂ ਕੋਈ ਵੀ ਪਰਚਾ ਬਹੁਤੀ ਦੇਰ ਜੀਵਿਤ ਨਹੀਂ ਰਹਿ ਸਕਦਾ। ਸੋ ਕੋਈ ਅਜਿਹਾ ਕਦਮ ਚੁਕਿਆ ਜਾਣਾ ਚਾਹੀਦਾ ਹੈ ਜਿਸ ਨਾਲ ਅਸੀਂ ਇਕੋ ਸਾਰੇ ਲੇਖਕ ਇਕ ਪਲੇਟਫਾਰਮ ਤੇ ਆ ਕੇ ਕੁੱਝ ਸੁਚੱਜੇ ਨਿਸ਼ਾਨੇ ਸਥਾਪਤ ਕਰ ਸਕੀਏ। ਇਕ ਦੂਜੇ ਦੀ ਨਿੰਦਾ, ਬੇਕਾਰ ਪੜਚੋਲ, ਨਾ ਸਾਡਾ ਜ਼ਾਤੀ ਤੌਰ ਤੇ ਕੁੱਝ ਸੁਆਰ ਸਕਦੀ ਹੈ ਨਾ ਸਾਹਿਤਕ ਤੌਰ ਤੇ।" ਮੇਰੇ ਜਿਹੇ ਇਕ ਸਾਧਾਰਨ ਪਾਠਕ ਲਈ ਇਨ੍ਹਾਂ ਸ਼ਬਦਾਂ ਵਿਚਲੇ ਸੱਚ ਨੂੰ ਸਮਝਣਾ ਕੁਝ ਇਸ ਲਈ ਵੀ ਮੁਸ਼ਕਲ ਜਾਪ ਰਿਹਾ ਹੈ ਕਿਉਂਕਿ ਇਹ ਸੱਜਣ ਪਹਿਲਾਂ ਤਾਂ "ਵਤਨੋਂ ਦੂਰ" ਨੂੰ ਹੀ ਇਕ ਨਿਸ਼ਾਨਾ ਸਥਾਪਤ ਕਰਨ ਦੀ ਸਲਾਹ ਦੇ ਰਹੇ ਹਨ (ਜੋ ਕਿ ਕਿੰਨੀ ਹਾਸੋਹੀਣੀ ਗੱਲ ਹੈ ਕਿ "ਵਤਨੋਂ ਦੂਰ" ਅਜੇ ਤਕ ਬਿਨ੍ਹਾਂ ਕਿਸੇ ਨਿਸ਼ਾਨੇ ਦੇ ਹੀ ਏਨੇ ਵਰ੍ਹੇ ਤੋਂ ਚਲ ਰਿਹਾ ਹੈ) ਅਤੇ ਦੂਜੇ ਪਾਸੇ ਇਹ ਭੱਦਰ ਪੁਰਸ਼, ਹੋਰਨਾਂ ਲੇਖਕਾਂ ਨੂੰ ਨੇਕ ਸਲਾਹ ਦੇ ਰਹੇ ਹਨ ਕਿ "ਇਕ ਦੂਜੇ ਦੀ ਨਿੰਦਾ, ਬੇਕਾਰ ਪੜਚੋਲ, ਨਾ ਸਾਡਾ ਜ਼ਾਤੀ ਤੌਰ ਤੇ ਕੁਝ ਸੁਆਰ ਸਕਦੀ ਹੈ ਨਾ ਸਾਹਿਤਕ ਤੌਰ ਤੇ।" ਕਿਉਂਕਿ ਇਹ ਭੱਦਰ ਪੁਰਸ਼ ਆਪ ਜਿਹੜੀ ਕੜ੍ਹੀ ਘੋਲਦੇ ਰਹੇ ਹਨ ਉਸਦਾ ਏਨ੍ਹਾਂ ਨੂੰ ਜ਼ਰਾ ਵੀ ਚਿੱਤ ਚੇਤਾ ਨਹੀਂ ਰਿਹਾ ਜਾਪਦਾ—

ਖ਼ੈਰ! ਦੇਰ ਆਏ ਸੁਵੇਰ ਆਏ!

ਸੁਖਿੰਦਰ ਵਾਟਰਲੂ (ਔਨਟੇਰੀਓ)

ਮੈਂ ਇਹ ਪੱਤਰ ਆਪਨੂੰ ਔਰ ਵਤਨੋਂ ਦੂਰ ਦੇ ਨਾਂ ਤਾਂ ਲਿਖ ਰਿਹਾ ਹਾਂ ਕਿ ਆਪਨੇ ਇਸ ਮਹੀਨੇ ਦੇ ਪਰਚੇ ਵਿਚ ਪਾਠਕਾਂ ਤੋਂ ਪਰਚਾ ਨਾ ਭੇਜ ਸਕਣ ਦੀ ਮਜਬੂਰੀ ਦਾ ਕਾਰਨ ਦੱਸ ਕੇ ਮੁਆਫ਼ੀ ਮੰਗੀ ਹੈ। ਪਰ ਇਸੇ ਪਰਚੇ ਵਿਚ ਆਪਨੇ ਇਕ ਆਪਣੇ ਹੀ ਪੰਜਾਬੀ ਭਰਾ ਦਾ ਜ਼ਿਕਰ ਕੀਤਾ ਹੈ ਜਿਸਨੇ ਪਰਚਾ ਨਾ ਭੇਜਣ ਤੇ ਆਪਤੇ ਗਿਲਾ ਕੀਤਾ ਹੈ ਮੈਨੂੰ ਇਸ ਗੱਲ ਦਾ ਵੀ ਅਫ਼ਸੋਸ ਹੈ ਜੋ ਵੀਰ ਆਪਤੇ ਗਿਲਾ ਕਰਦੇ ਹਨ; ਪਰ ਮੈਂ ਆਪਣੇ ਸਾਰੇ ਪੰਜਾਬੀ ਭਰਾਵਾਂ ਨੂੰ, ਜਿਨ੍ਹਾਂ ਨੂੰ ਵੀ "ਵਤਨੋਂ ਦੂਰ" ਪਰਚਾ ਜਾਂਦਾ ਹੈ, ਕਹਾਂਗਾ ਕਿ ਉਨ੍ਹਾਂ ਨੂੰ ਕੋਈ ਗਿਲਾ ਸ਼ਿਕਵਾ ਨਹੀਂ ਕਰਨਾ ਚਾਹੀਦਾ। ਔਰ ਨਾਲ ਹੀ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਸਾਡੀ ਇਕ ਘੰਟੇ ਦੀ ਕਮਾਈ ਸਦਕਾ ਅਸੀਂ ਇਕ ਸਾਲ ਆਪਣੀ ਮਾਂ ਬੋਲੀ ਦਾ ਪਰਚਾ-"ਵਤਨੋਂ ਦੂਰ" ਜਿਸ ਵਿਚੋਂ ਕਹਾਣੀਆਂ, ਕਵਿਤਾਵਾਂ, ਗੀਤ, ਗ਼ਜ਼ਲਾਂ ਔਰ ਚੰਗੇ ਚੰਗੇ ਲੇਖ ਪੜ੍ਹ ਕੇ ਅਸੀਂ ਉਸੇ ਵੇਲੇ ਆਪਣੇ ਦੇਸ 15 ਹਜ਼ਾਰ ਮੀਲ ਦੂਰ ਸਿਰਫ਼ 7 ਡਾਲਰ ਵਿਚ ਪਹੁੰਚ ਜਾਂਦੇ ਹਾਂ। ਅਖ਼ੀਰ ਵਿਚ ਮੈਂ ਆਪਣੇ ਦੇਸ ਤੋਂ ਦੂਰ ਕੈਨੇਡਾ ਤੇ ਹੋਰ ਮੁਲਕਾਂ ਵਿਚ ਰਹਿੰਦੇ ਪੰਜਾਬੀ ਭਰਾਵਾਂ ਨੂੰ ਇਹ ਬੇਨਤੀ ਕਰਦਾ ਹਾਂ ਕਿ ਕੁਝ ਹੋਰ ਕਹਿਣ ਦੀ ਬਜਾਏ ਸਾਨੂੰ ਇਸ ਪਰਚੇ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ ਤਾਂ ਕਿ ਇਹ ਪਰਚਾ ਵਤਨੋਂ ਦੂਰ ਹੋਰ ਤਰੱਕੀ ਕਰੇ। ਮੈਨੂੰ ਉਮੀਦ ਹੈ ਕਿ "ਵਤਨੋਂ

ਸਾਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਭਾਰਤ ਤੇ ਇੰਗਲੈਂਡ ਦੇ ਪਾਠਕਾਂ ਤੇ ਲੇਖਕਾਂ ਦੀਆਂ ਲੋੜਾਂ ਨੂੰ ਮੁੱਖ ਰਖਦਿਆਂ ਅਸੀਂ ਦੋਵੇਂ ਜਗ੍ਹਾ ਵਿਸ਼ੇਸ਼ ਪ੍ਰਤੀਨਿਧ ਨਿਯੁਕਤ ਕਰ ਰਹੇ ਹਾਂ। ਲੇਖਕ ਤੇ ਪਾਠਕ ਵੀਰ ਸਭ ਆਪਣੀਆਂ ਰਚਨਾਵਾਂ ਤੇ ਚੰਦੇ ਇਹਨਾਂ ਸਜਣਾਂ ਨੂੰ ਭੇਜ ਦੇਣ। ਖਾਸ ਕਰ ਭਾਰਤੀ ਲੇਖਕਾਂ ਨੂੰ ਬੇਨਤੀ ਹੈ ਕਿ ਆਪਣੀਆਂ ਰਚਨਾਵਾਂ ਸੁਰਿੰਦਰ ਕੈਲੇ ਨੂੰ ਹੇਠਲੇ ਪਤੇ 'ਤੇ ਭੇਜ ਦੇਣ ਤਾਂ ਕਿ ਸੈਂਟਰ ਚੂੰਗੀ ਤੋਂ ਬਚਾਅ ਕਰਾਇਆ ਜਾ ਸਕੇ। ਇਸ ਤਰ੍ਹਾਂ ਅਸੀਂ ਡਾਕ ਖਰਚ ਵਿਚੋਂ ਥੋੜ੍ਹਾ ਬਚ ਸਕਾਂਗੇ।

**ਕੁਝ ਸੂਚਨਾਵਾਂ** * ਚੰਦਾ — ਭਾਰਤ ਲਈ 15 ਰੁਪਏ ਇੰਗਲੈਂਡ 4 ਪੌਂਡ

| ਭਾਰਤ ਵਿਚ | ਇੰਗਲੈਂਡ ਵਿਚ |
|---|---|
| ਸੁਰਿੰਦਰ ਕੈਲੇ (ਐਡੀਟਰ ਆਦਿ) | ਜਸਬੀਰ ਰਾਹੋ |
| 1036/3 DEEP NAGAR | 16 AVISON TOWER |
| CIVIL LINES, LUDHIANA | WINDSOR ST. |
| PUNJAB, INDIA. | LIVERPOOL – 8 (U.K) |

---

ਦੂਰ" ਦੇ ਪ੍ਰਬੰਧਕ ਮੇਰੀ ਇਸ ਚਿੱਠੀ ਦੀ ਆਵਾਜ਼ ਨੂੰ ਜ਼ਰੂਰ ਸਭੇ ਪੰਜਾਬੀ ਵੀਰਾਂ ਤੱਕ ਪਹੁੰਚਾ ਦੇਣਗੇ।

ਗੁਰਚਰਨ ਕੈਂਥ, ਗੋਇਨਤ

"ਵਤਨੋਂ ਦੂਰ" ਦਾ ਨਵੰਬਰ-ਦਸੰਬਰ ਅੰਕ ਪੜ੍ਹਿਆ, ਬਹੁਤ ਹੀ ਖੁਸ਼ੀ ਹੋਈ ਕਿ ਮੇਰੀ ਪਸੰਦ ਦਾ ਪੰਜਾਬੀ ਦਾ ਰਸਾਲਾ ਇੰਗਲੈਂਡ ਵਿਚ ਵੀ ਛਪਦਾ ਹੈ। ਮੈਂ ਵਾਹਿਗੁਰੂ ਜੀ ਪਾਸ ਅਰਦਾਸ ਕਰਦਾ ਹਾਂ ਕਿ ਇਹ ਹਮੇਸ਼ਾ ਹੀ ਵਧਦਾ ਫੁੱਲਦਾ ਰਹੇ। ਖਾਸ ਕਰਕੇ ਸਾਧੂ ਜੀ ਦਾ "ਇਕ ਸਾਹਿਤਕ ਮਸਲਾ" ਜਿਸ ਵਿਚ ਕਈਆਂ ਦੀਆਂ ਅੱਖਾਂ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਬਚਿੱਤਰ ਬੱਧਨੀ ਦੀ ਕਵਿਤਾ "ਮਾਂ ਦੀ ਚਿੱਠੀ" ਮੇਰੀ ਖਾਸ ਪਸੰਦ ਦੀ ਹੈ। ਅਜਿਹੇ ਲਿਖਾਰੀਆਂ ਦਾ ਮੈਂ ਅਤਿ ਧੰਨਵਾਦੀ ਹਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਉਡੀਕ ਵਿਚ ਰਹਾਂਗਾ। ਮੈਂ ਖੁਦ ਸੰਤ ਰਾਮ ਉਦਾਸੀ ਜੀ ਨੂੰ ਮਿਲਿਆ ਹਾਂ ਉਨ੍ਹਾਂ ਦੀਆਂ ਰਚਨਾਵਾਂ ਛਾਪਣ ਦੀ ਕੋਸ਼ਿਸ਼ ਕਰਿਆ ਕਰੋ। ... ਮੈਂ ਫਿਰ ਇਸ ਪਰਚੇ ਦੀਆਂ ਚੜ੍ਹਦੀਆਂ ਕਲਾਂ ਲਈ ਅਰਦਾਸ ਕਰਦਾ ਹਾਂ।

ਗੁਰਭਗਤ ਸਿੰਘ ਬਿਰਦੀ ਐਡਮਿੰਟਨ, ਔਲਡਬਰੀ

ਸਲਾਮ। ਨਵੰਬਰ-ਦਸੰਬਰ ਦਾ "ਵਤਨੋਂ ਦੂਰ" ਮਿਲਿਆ। ਪਰਚਾ ਪਹੁੰਚਾਣ ਦਾ ਬਹੁਤ ਬਹੁਤ ਸ਼ੁਕਰੀਆ। ਦਰਸ਼ਨ ਗਿੱਲ ਨੇ ਪੰਜਾਬੀ ਦੇ ਪੰਜਾਬ ਅਤੇ ਪੰਜਾਬ ਤੋਂ ਬਾਹਰੋਂ ਨਿਕਲਦੇ ਸਥਾਪਤ ਸਾਹਿਤਕ ਰਸਾਲਿਆਂ ਦਾ ਬਿਲਕੁਲ ਦਰੁਸਤ ਮੁੱਲਾਂਕਣ ਕੀਤਾ ਹੈ। 'ਸਿਰ ਦਾ ਭਾਰ' ਕਹਾਣੀ ਵਿਚ ਲਿਖਾਰੀ ਨੇ ਸਥਾਪਤ ਸਮਾਜਿਕ ਢਾਂਚੇ ਦੀਆਂ ਉਲਾਰ ਜਗੀਰੂ ਰਵਾਇਤਾਂ ਅਤੇ ਸੰਸਕਾਰਾਂ ਦਾ ਵਿਸ਼ਲੇਸ਼ਣ ਸਫਲਤਾ ਨਾਲ ਕੀਤਾ ਹੈ। ਸੁਰਿੰਦਰ ਧੰਜਲ ਦੀ ਕਵਿਤਾ ਤੋਂ ਬਿਨਾਂ ਕਵਿਤਾ ਭਾਗ ਇਸ ਵਾਰ ਹਲਕਾ ਹੀ ਰਿਹਾ ਹੈ। ਕਰੀਏਟਿਵ ਰਾਈਟਿੰਗ ਵਾਲੀ ਗੁਫਤਗੂ ਬੜੀ ਰੌਚਕ ਤੇ ਜਾਣਕਾਰੀ ਭਰਪੂਰ ਹੈ। ਸੁਰਿੰਦਰ ਕੈਲੇ ਦੀ ਕਹਾਣੀ 'ਪੜਤਾਲ' ਸਾਡੇ ਅਰਧ ਜਗੀਰੂ ਸਮਾਜ ਦੀਆਂ ਬੇਇਨਸਾਫੀ ਅਤੇ ਲੁਟ ਉਤੇ ਆਧਾਰਿਤ ਵਿਚਾਰ ਰਹੀਆਂ ਕਦਰਾਂ ਕੀਮਤਾਂ 'ਤੇ ਵਧੀਆ ਵਿਅੰਗ ਹੈ। ਬੜੀ ਹੀ ਸੂਖਮ ਅਤੇ ਸਪਸ਼ਟ ਸ਼ੈਲੀ ਰਾਹੀਂ ਦਰਸਾਇਆ ਗਿਆ ਹੈ ਕਿ ਕਿਵੇਂ ਇਕ ਕਲਿਆਣਕਾਰੀ ਸੋਚ ਵਾਲਾ ਸ਼ਖਸ ਚਾਹੁੰਦਾ ਹੋਇਆ ਵੀ ਮੌਜੂਦਾ ਸਥਾਪਤੀ ਵਿਚਲੀ ਲੁਟ ਅਤੇ ਭ੍ਰਿਸ਼ਟਾਚਾਰ ਨੂੰ ਠੱਲ੍ਹਾ ਕਰਨ ਵਿਚ ਅਸਮਰਥ ਹੋ ਜਾਂਦਾ ਹੈ। ਅਸਲ ਗੱਲ ਇਹ ਹੈ ਕਿ ਵਿਗੜੀ ਹੋਈ ਤਾਣੀ ਦੀ ਇਕ ਤੰਦ ਸੁਲਝਾਣ ਨਾਲ ਸਮੁੱਚੀ ਤਾਣੀ ਦਾ ਕੁਝ ਨਹੀਂ ਸੰਵਰਦਾ। ਉਜਾਗਰ ਦੋਸਾਂਝ ਵਲੋਂ ਵਿਦੇਸ਼ਾਂ ਵਿਚ ਰਹਿੰਦੇ ਮਿਹਨਤਕਸ਼ ਭਾਰਤੀਆਂ ਨੂੰ ਸਿਧਾਂਤਕ ਪੱਧਰ 'ਤੇ ਇਕੱਠੇ ਹੋਣ ਦਾ ਸੁਨੇਹਾ ਵੀ ਬੜਾ ਸ਼ਲਾਘਾਯੋਗ ਹੈ। ਵਿਦੇਸ਼ਾਂ ਵਿਚ ਰਹਿੰਦਾ ਜਿਹੜਾ ਵੀ ਭਾਰਤੀ ਉਨ੍ਹਾਂ ਦੇ ਸੁਨੇਹੇ ਵਿਚਾਰ ਪੜ੍ਹੇਗਾ — ਜ਼ਰੂਰ ਟੁੰਬਿਆ ਜਾਵੇਗਾ। ਇਸ ਤਰ੍ਹਾਂ ਦੇ ਹੋਰ ਨਿਬੰਧ ਦਿਆ ਕਰੋ ਇਹ ਪਾਠਕਾਂ ਦੀ ਚੇਤਨਾ ਨੂੰ ਪਰਚੰਡ ਕਰਨਗੇ।

ਗੁਰਬਖਸ਼ ਜੱਸ, ਬਲਾਚੌਰ

"ਵਤਨੋਂ ਦੂਰ" ਪੜ੍ਹਨ ਦਾ ਮੌਕਾ ਮਿਲਿਆ, ਦੋਸਤ ਉਹ ਪਰਚਾ ਅੱਜ ਹੀ ਸੀ ਪਰ ਮੈਨੂੰ ਨਵਾਂ ਲੱਗਿਆ ਤੇ ਬਹੁਤ ਖੁਸ਼ੀ ਹੋਈ ਕਿ ਚਲੋ ਵਤਨੋਂ ਦੂਰ ਹੋਕੇ ਵੀ ਪਰਚਾ ਕੱਢਣ ਵਿਚਾਰ ਰਖਦਾ ਹੈ ਤੇ ਉਸ ਮੰਜ਼ਿਲ ਵੱਲ ਵੱਧ ਰਿਹਾ ਹੈ ਜਿਸ ਨੂੰ ਕਦੇ ਭਗਤ, ਸਰਾਭੇ ਨੇ ਸੁਪਨਿਆ ਸੀ। ਵੈਸੇ ਤਾਂ ਵਤਨ 'ਚ ਹੀ ਇਕ ਦੋ ਇਹੋ ਜਿਹੇ ਰਸਾਲੇ ਨਿਕਲਦੇ ਹਨ ਪਰ ਵਤਨ ਤੋਂ ਦੂਰ "ਵਤਨੋਂ ਦੂਰ" ਹੀ ਨਿਕਲਦਾ ਹੈ। ਸਾਥੀ ਜੀ ਇਹ ਗੱਲ ਆਮ ਸਾਡੇ 'ਸੁਨਕੇ' ਸਾਥੀ ਕਹਿੰਦੇ ਹੁੰਦੇ ਹਨ; 'ਲੋਕਾਂ ਦੀ ਸੇਵਾ' ਥਾਂ ਦੀ ਮੁਹਤਾਜ ਨਹੀਂ, ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਬੈਠ ਕੇ ਕੀਤੀ ਜਾ ਸਕਦੀ ਹੈ। ਸੋ ਉਹੋ ਗੱਲ ਤਜਰਬੇ ਤੋਂ ਸਿੱਧ ਹੋ ਗਈ। ਸਾਥੀ ਇਕ ਗੱਲ ਦਾ ਅਫਸੋਸ ਹੈ ਕਿ ਇਹ (ਵਤਨੋਂ ਦੂਰ) ਮਾਰਕੀਟ ਦੁਕਾਨਾਂ ਤੋਂ ਨਹੀਂ ਮਿਲਦਾ। ਉਸ ਦਿਨ ਮੈਂ ਸਾਰਾ ਜਲੰਧਰ ਸ਼ਹਿਰ ਫਿਰ ਆਇਆ ਸਿਰਫ "ਵਤਨੋਂ ਦੂਰ" ਵਾਸਤੇ ਪਰ ਹਰ ਥਾਂ 'ਨਾਂਹ' ਹੀ ਪੱਲੇ ਪਿਆ ਸੀ। ਤੁਸੀਂ ਮੈਨੂੰ ਇਕ ਕਾਪੀ ਨਮੂਨੇ ਵਜੋਂ ਭੇਜਣੀ ਤੇ ਨਾਲ ਇਸ ਦਾ ਚੰਦਾ ਵੀ ਦਸਣਾ ਅਤੀ ਧੰਨਵਾਦੀ ਹੋਵਾਂਗਾ।

ਰਾਜਵਿੰਦਰ ਰਾਜ, ਬਾਬਾ ਬਕਾਲਾ
ਅੰਮ੍ਰਿਤਸਰ

# ਭਾਰਤ ਦੀਆਂ ਜੇਲਾਂ ...ਤੇ ਕੈਦੀ

— ਦਰਸ਼ਨ ਝਾਰਲ

"ਮੈਂ ਆਪ ਜੀ ਨੂੰ, ਬੜੇ ਦੁਖੀ ਹਿਰਦੇ ਨਾਲ ਲਿਖ ਰਿਹਾ ਹਾਂ ਕਿ ਮੇਰੀ ਇਸ ਜੇਲ ਵਿਚ 16.11.77 ਦੀ ਭੁਖ ਹੜਤਾਲ ਚਲ ਰਹੀ ਹੈ ਅਤੇ ਮੇਰੇ ਨਾਲ ਬਹੁਤ ਜਿਆਜ਼ਤੀ ਹੋ ਰਹੀ ਹੈ। ਮੇਰੇ ਜੇਲ ਕਰਮਚਾਰੀ ਗਲ ਪੈ ਕੇ ਬਹੁਤ ਸੱਟਾਂ ਮਾਰ ਚੁੱਕੇ ਹਨ। ਮੇਰੇ ਸਰੀਰ ਤੋਂ ਮਾਰ ਮਾਰ ਕੇ ਮਾਸ ਉਧੇੜ ਦਿੱਤਾ ਹੈ। ਭਾਈ ਸਾਹਿਬ ਇਸ ਜੇਲ ਵਿਚ ਇਸ ਤਰ੍ਹਾਂ ਦੇ ਹਥਿਆਰ ਵਰਤਦੇ ਹਨ ਮੇਰਾ ਖਿਆਲ ਹੈ ਅੰਮ੍ਰਿਤਸਰ ਇਨਟੈਰੋਗੇਸ਼ਨ ਸੈਂਟਰ 'ਚ ਵੀ ਨਾਂ ਵਰਤਥੇ ਹੋਣ। ਬੰਦੀਆਂ ਨੂੰ ਕੁਟਣ ਵਾਸਤੇ ਇਨ੍ਹਾਂ ਨੇ ਪਟਿਆਂ ਨੂੰ ਲਕੜ ਦੀਆਂ ਮੁਠੀਆਂ ਲਾਈਆਂ ਹੋਈਆਂ ਹਨ। ਹੋਰ ਮੂੰਹ 'ਚ ਲਾਣ ਵਾਸਤੇ ਲਕੜ ਦਾ ਗੁੱਲਾ ਹੁੰਦਾ ਹੈ ਉਸ ਨਾਲ ਸਾਹ ਬਹੁਤ ਘੱਟ ਨਿਕਲਦਾ ਹੈ। ਪੁੱਠੀ ਹਥਕੜੀ ਲਾ ਕੇ ਉਤੇ ਟੰਗ ਦਿੰਦੇ ਹਨ ਪੈਰਾਂ ਨੂੰ ਬੇੜੀ ਲਾ ਦਿੰਦੇ ਹਨ। ਭਾਈ ਸਾਹਿਬ ਮੇਰੀ ਹਾਲਤ ਏਨੀ ਮਾੜੀ ਹੈ ਕਿ ਜੇ ਆਪ ਵੇਖ ਲੋ ਤਾਂ ਜਰੂਰ ਬਾਦਲ ਗਵਰਨਰ ਜਾਂ ਪਰਧਾਨ ਮੰਤਰੀ ਨੂੰ ਕਹੋਗੇ ਕਿ ਇਸ ਮਹਿਕਮੇ ਵਲ ਧਿਆਨ ਦਿੱਤਾ ਜਾਵੇ। ਵੀਰ ਜੀ ਮੈਂ ਟੀ.ਬੀ. ਦਾ ਮਰੀਜ਼ ਹਾਂ ਮੇਰੇ ਮੂੰਹ ਵਿਚੋਂ ਕਈ ਵਾਰ ਛਟਾਂਕ ਛਟਾਂਕ ਖੂਨ ਨਿਕਲਦਾ ਹੈ ਮੇਰੇ ਸੱਟਾਂ ਵੱਜਣ ਕਾਰਨ ਖਬੀ ਵਖੀ ਵਿਚ ਤੇ ਦਿਲ ਤੇ ਪੀੜ ਹੁੰਦੀ ਹੈ। ਮੇਰਾ ਡਾਕਟਰ ਵੀ ਕੋਈ ਲਾਜ ਨਹੀਂ ਕਰਦਾ ਉਲਟਾ ਜੇਲ ਵਾਲਿਆਂ ਨਾਲ ਮਿਲਕੇ ਧਮਕਾਉਂਦਾ ਹੈ। ਕੈਂਹਦਾ ਹੈ ਕਿ ਜਾਂ ਰੋਟੀ ਖਾ ਨਹੀਂ ਤਾਂ ਟੰਗਾਂ ਤੋੜ ਦਿਆਂਗੇ ਨਾ ਮੇਰੇ ਟੀਕਾ ਨਾ ਦੁਆਈ ਦਿੰਦਾ ਹੈ......ਭਾਈ ਜੀ ਮੇਰੀ ਕਿਸੇ ਵਕਤ ਵੀ ਮੌਤ ਹੋ ਜਾਵੇਗੀ......ਸਤੀਸ਼ ਕੁਮਾਰ ਡਾਕਟਰ ਅਤੇ ਬਾਬੂ ਬਲਦੇਵ ਮੈਨੂੰ ਬਹੁਤ ਤੰਗ ਕਰਦੇ ਹਨ। ਡਾਕਟਰ ਨੂੰ ਪੈਸੇ ਲੈਣ ਦੀ ਬਹੁਤ ਆਦਤ ਹੈ ਮੈਂ ਪੈਸੇ ਦੇ ਨਹੀਂ ਸਕਦਾ ਤਾਂ ਤੰਗ ਕਰਦਾ ਹੈ। ਵਡੇ ਵੀਰ ਜੀ, ਮੇਰੀਆਂ ਤਿੰਨ ਮੁਲਾਕਤਾਂ ਮੋੜ ਦਿਤੀਆਂ ਹਨ। ਮੇਰੇ ਭਾਈ ਭੈਣ ਭਰਜਾਈ ਤੇ ਉਨਾਂ ਦੇ ਬੱਚੇ ਆਏ ਸੀ ਪਰ ਇਨਾਂ ਨੇ ਇਹ ਦੂਸ਼ਨ ਲਾ ਕੇ ਮੋੜ ਦਿੱਤੇ ਕਿ ਖੇਤੂ ਰਾਮ ਆਪ ਨੂੰ ਗਾਲਾਂ ਕਢਦਾ ਹੈ ਅਤੇ ਨਾਲੇ ਕਹਿੰਦਾ ਹੈ ਕਿ ਮੈਂ ਉਨ੍ਹਾਂ ਦੀ ਸ਼ਕਲ ਨਹੀਂ ਵੇਖਣਾ ਚਾਹੁੰਦਾ।......ਵੀਰ ਜੀ ਮੈਂ ਜੇਲ ਆਈ.ਜੀ./ਡੀ.ਆਈ.ਜੀ./ਡੀ.ਸੀ./ਮੁਖ ਮੰਤਰੀ/ਗਵਰਨਰ ਪੰਜਾਬ ਨੂੰ 7-8 ਦਰਖਾਸਤਾਂ ਦੇ ਚੁੱਕਾ ਹਾਂ ਪਰ ਵੀਰ ਜੀ ਇਨਾਂ ਦੀਆਂ ਰੱਦੀ ਦੀਆਂ ਟੋਕਰੀਆਂ ਕਿਡੀਆਂ ਹਨ ਜੋ ਭਰੀਆਂ ਭਰਨ ਵਿਚ ਨਹੀਂ ਆਉਂਦੀਆਂ......। ਆਪ ਇਹ ਛਪਵਾ ਕੇ ਵਡੇ ਅਫ਼ਸਰਾਂ ਤਕ ਪਹੁੰਚਾ ਦੇਣਾ......

ਮੈਂ ਪੂਰੀ ਉਮੀਦ ਰਖਦਾ ਹਾਂ ਕਿ ਆਪ ਜੀ ਜਰੂਰ ਛੋਟੇ ਵੀਰ ਬੰਦੀ ਵਲ ਕੀਮਤੀ ਸਮਾਂ ਕੱਢ ਕੇ ਇਹ ਕੰਮ ਕਰਨਗੇ ਤੇ ਮੈਨੂੰ ਇਨਸਾਫ ਮਿਲ ਸਕੇਗਾ ਆਪ ਜੀ ਇਹ ਨਾਂ ਸਮਝਣਾ ਕਿ ਇਕ ਕੈਦੀ ਮੈਨੂੰ ਚਿਠੀ ਲਿਖ ਰਿਹਾ ਹੈ...... ਵੀਰ ਜੀ ਮੇਰੇ ਦਿਲ ਵਿਚ ਪਤਾ ਨਹੀ ਕਿਓਂ ਖਿਆਲ ਆਇਆ ਮੈਨੂੰ ਪਤਾ ਹੈ ਕਿ ਆਪ ਜੀ ਸੱਚੇ ਆਦਮੀ ਹੋ ਜੇ ਆਪ ਨੇ ਤਨੋ ਮਨੋ ਮੇਰੀ ਮਦਦ ਕੀਤੀ ਤਾਂ ਜ਼ਰੂਰ ਇਨਕੁਆਰੀ ਹੋਵੇਗੀ......ਮੈਨੂੰ ਇਨਸਾਫ ਅਤੇ ਜਲਾਦਾਂ ਨੂੰ ਸਜ਼ਾ......।

ਆਪ ਦਾ ਛੋਟਾ ਵੀਰ

**ਖੇਤੂ ਰਾਮ ਉਰਫ਼ ਦੁਖੀਆ**

ਕੈਦ 20 ਸਾਲ......ਗਿਣਤੀ 36 ਚਕੀਆਂ

ਕੇਂਦਰ ਸੁਧਾਰ ਘਰ...ਫਿਰੋਜ਼ਪੁਰ

3-4-1978

**ਕੰਧਾਂ ਦੇ ਉਸ ਪਾਰ**
**ਇਕ ਦੁਨੀਆਂ ਵਸਦੀ**
**ਗੂੰਗੀ ਨਹੀਂ**
**ਪਰ ਬੋਲ ਨਾ ਸਕੇ**
**ਲੱਖ ਪੀੜਾਂ ਤੇ ਅਰਮਾਨਾਂ ਨੂੰ**
**ਸੀਨੇ ਹੇਠ ਦਬਾਕੇ ਰਖੇ...**

ਤੇ ਇਹ ਕਿਸੇ ਦੱਖਣੀ ਅਫ਼ਰੀਕਾ ਦੀ ਗੱਲ ਨਹੀਂ ਤੇ ਨਾਂ ਹੀ ਗੈਸਟਾਪੋ (ਹਿਟਲਰ ਦੀ-ਜੱਲਾਦ ਪੁਲਸ) ਦੀ ਕੋਈ ਕਹਾਣੀ ਏ, ਇਹ ਮੁਸੋਲੀਨੀ ਤੇ ਟੋਜੋ ਦੇ ਦੇਸ ਦੀ ਗੱਲ ਨਹੀਂ......ਸਗੋਂ ਇਹ ਤਾਂ ਰਿਸ਼ੀਆਂ ਮੁਨੀਆਂ ਦੀ ਧਰਤ ਅਤੇ ਦੁਨੀਆਂ ਦੀ "ਸਭ ਤੋਂ ਵਡੀ ਜਮਹੂਰੀਅਤ" ਭਾਰਤ ਦੀ ਗਾਥਾ ਹੈ......ਓਦੋਂ ਵੀ ਉਰੇ ਮੈਂ ਪੰਜਾਬ ਦੇਸ ਦੀ ਗੱਲ ਕਰਦਾ ਜਿਥੋਂ ਦੇ 'ਨਵੇਂ' ਹਾਕਮਾਂ ਨੇ ਸਾਰੀਆਂ ਕਾਲੀਆਂ ਕੰਧਾਂ ਦਾ ਨਾਂ ਬਦਲ ਕੇ 'ਸੁਧਾਰ ਘਰ' ਰੱਖ ਦਿੱਤਾ ਹੈ......ਜਿਵੇਂ ਕਿਤੇ ਸਿਰਫ਼ ਨਾਂ ਭੈੜਾ ਹੋਣ ਕਰਕੇ ਹੀ ਸਭੋ ਕੁਝ ਗੈਰ-ਮਨੁੱਖੀ ਵਾਪਰ ਰਿਹਾ ਹੁੰਦੈ। ਪਹਿਲਾਂ ਮੈਂ ਥੋੜ੍ਹਾ ਜਿਹਾ ਉਸ ਭਰਮ ਦਾ ਪੋਲ ਖੋਹਲ ਦਿਆਂ ਕਿ "ਜਮਹੂਰੀਅਤ ਦੀ ਜੰਗ" ਫ਼ਤਹਿ ਕਰਨ ਵਾਲੇ ਅਕਾਲੀ-ਜਨਤਾ 'ਯੋਧੇ' ਐਮਰਜੰਸੀ ਦੇ 19 ਮਹੀਨੇ ਕਿਥੇ ਰਹੇ। ਪਿਛਲੇ ਇਕ ਸਾਲ ਤੋਂ ਉਹ ਸਟੇਜਾਂ 'ਤੇ ਸੰਘ ਪਾੜ ਪਾੜ ਲੋਕਾਂ ਦੇ ਕੰਨ ਖਾ ਗਏ ਹਨ ਕਿ ਅਸੀਂ 19 ਮਹੀਨੇ ਇੰਦਰਾ ਦੇ ਤਾਨਾਸ਼ਾਹੀ ਪੰਜੇ ਹੇਠ ਜੇਲ੍ਹਾਂ 'ਚ ਸੜਦੇ ਰਹੇ ਹਾਂ।......ਹਾਂ ਜਰੂਰ ਸੜਦੇ ਰਹੇ ਹਨ ਪਰ ਜੇਲ੍ਹਾਂ 'ਚ ਨਹੀਂ, ਰੈਸਟ ਹਾਉਸਾਂ 'ਚ ਜਾਂ ਜੇਲ੍ਹਾਂ ਅੰਦਰ ਇਹਨਾਂ ਲਈ ਤਿਆਰ ਕੀਤੇ ਆਲੀਸ਼ਾਨ ਬੰਗਲਿਆਂ 'ਚ। ਇਸ ਸੱਚ ਨੂੰ ਲੋਕਾਂ ਦੇ ਉਹ ਸੈਂਕੜੇ ਪੁੱਤ ਚੰਗੀ ਤਰ੍ਹਾਂ ਜਾਣਦੇ

ਹਨ ਜਿਹਨਾਂ ਨੂੰ ਇਹਨਾਂ ਦੇ ਸੇਵਾਦਾਰਾਂ ਵਜੋਂ ਜੇਲ੍ਹਾਂ 'ਚ ਕੰਮ ਕਰਨਾ ਪਿਆ ਹੈ ਅਤੇ ਜੋ ਅੱਜ ਵੀ ਜੇਲ੍ਹਾਂ ਅੰਦਰ ਨਰਕੀ ਜ਼ਿੰਦਗੀ ਜਿਉਂ ਰਹੇ ਹਨ। ਮੈਂ ਇਕ ਦੋ 'ਯੋਧਿਆਂ' ਦੀ ਹੀ ਜੇਲ੍ਹ-ਜ਼ਿੰਦਗੀ 'ਤੇ ਚਾਨਣਾ ਪਾਵਾਂਗਾ ਬਾਕੀਆਂ ਦਾ ਅੰਦਾਜ਼ਾ ਤੁਸੀਂ ਖ਼ੁਦ ਲਾ ਲਿਓ......

ਜਨਤਾ ਪਾਰਟੀ ਦਾ ਪਰਧਾਨ ਚੰਦਰ ਸ਼ੇਖ਼ਰ ਪਟਿਆਲਾ ਕੇਂਦਰੀ ਜੇਲ੍ਹ 'ਚ ਸੀ। ਸਭ ਤੋਂ ਪਹਿਲਾਂ ਤਾਂ ਉਸ ਲਈ ਕੁਝ ਦਿਨਾਂ ਦੇ ਅੰਦਰ ਅੰਦਰ ਹੀ ਇਕ ਆਲੀਸ਼ਾਨ ਬੰਗਲਾ ਉਸਾਰਿਆ ਗਿਆ ਜਿਸ ਦਾ ਸੌਣ ਦਾ ਕਮਰਾ ਹੋਰ, ਖਾਣੇ ਦਾ ਹੋਰ, ਪੜ੍ਹਨ ਦਾ ਹੋਰ ਅਤੇ ਪਤਾ ਨਹੀਂ ਹੋਰ ਕੀ ਕੀ ਕੁਝ ਫੇਰ ਚੰਦਰ ਸ਼ੇਖ਼ਰ ਹੁਰਾਂ ਕਿਹਾ ਕਿ ਮੈਂ ਟੂਟੀ 'ਤੇ ਨਹੀਂ ਨਹਾ ਸਕਦਾ..... ਕੁਝ ਹੀ ਦਿਨਾਂ 'ਚ ਕੈਦੀਆਂ ਤੋਂ ਸਵੀ-ਮਿੰਗ ਪੂਲ (ਤਲਾਅ) ਤਿਆਰ ਕਰਵਾਇਆ ਗਿਆ। ਕੁਝ ਸਮੇਂ ਬਾਅਦ ਸਾਹਿਬ ਦਾ ਜੀ ਮੱਛੀਆਂ ਨਾਲ ਖੇਡਣ ਨੂੰ ਕੀਤਾ......ਕੁਝ ਹੀ ਦਿਨਾਂ 'ਚ ਇਕ ਛੋਟੀ ਜਿਹੀ ਤਲਾਈ ਤਿਆਰ ਕਰਵਾਕੇ ਉਸ 'ਚ ਛੱਡੀਆਂ ਗਈਆਂ—ਰੰਗ ਬਰੰਗੀਆਂ ਮੱਛੀਆਂ। ਭਾਵੇਂ ਸਾਹਿਬ ਦੀ "ਕਾਲ ਕੋਠੜੀ" 'ਚ ਕਈ ਪੱਖਿਆਂ ਤੋਂ ਬਿਨਾਂ ਖਿੜਕੀਆਂ ਤੇ ਦਰਵਾਜ਼ੇ ਵੀ ਜਾਲੀਦਾਰ ਸਨ, ਪਰ ਫਿਰ ਵੀ ਪਤਾ ਨਹੀਂ ਕਿਵੇਂ ਇਕ ਦਿਨ ਅੱਧੀ ਰਾਤ ਦੇ ਹਨੇਰੇ 'ਚ ਕਿਸੇ ਮੱਛਰ ਨੇ ਮੱਛਰਦਾਨੀ ਰਾਹੀਂ ਘੁਸ ਕੇ ਪਰਧਾਨ ਜੀ ਨੂੰ ਤੜਫਾ ਦਿਤਾ......ਅਗਲੇ ਦਿਨ "ਕਾਲ ਕੋਠੜੀ" ਦੇ ਨੇੜੇ ਨੇੜੇ ਦੇ ਦੋ ਏਕੜਾਂ ਦਾ ਹਰਾ ਕਚੂਰ ਝੋਨਾ ਵੱਢਕੇ ਸੁੱਟ ਦਿੱਤਾ ਗਿਆ। ਇਕ ਨੰਬਰਦਾਰ ਤੇ ਇਕ ਮੁਲਾਜ਼ਮ ਤੋਂ ਬਿਨਾਂ ਕੋਈ ਅੱਠ ਕੁ ਕੈਦੀ ਪਰਧਾਨ ਜੀ ਲਈ ਹਰ ਵਕਤ ਹਾਜ਼ਰ ਰਹਿੰਦੇ ਸਨ। ਉਂਜ ਤਾਂ ਜੇਲ੍ਹ ਦਾ ਸਾਰਾ ਅਮਲਾ-ਫੈਲਾ ਹੀ ਉਹਨਾਂ ਦੀ ਖ਼ਿਦਮਤ 'ਚ ਕੰਨ ਖੜ੍ਹੇ ਕਰੀ ਰਹਿੰਦਾ ਸੀ......ਉਹ ਵੱਡੇ ਨੇਤਾ ਜੁ ਹੋਏ......

ਖ਼ੈਰ ਇਹ ਗੱਲ ਵੀ ਲੁਕੀ ਹੋਈ ਨਹੀਂ ਕਿ ਮੋਰਾਰ ਜੀ ਭਾਈ ਅਤੇ ਉਹਨਾਂ ਵਰਗੇ ਨੇਤਾ ਕਰਨਾਲ, ਹਿਸਾਰ, ਗੁੜ-ਗਾਵਾਂ ਦੇ ਰੈਸਟ ਹਾਊਸਾਂ ਤੇ ਚੰਡੀਗੜ ਦੇ ਪੀ. ਜੀ. ਆਈ. (ਹਸਪਤਾਲ) 'ਚ ਕਿਵੇਂ 'ਸੜਦੇ' ਰਹੇ ਹਨ...ਪਰ ਮੈਂ ਤਾਂ 'ਆਖ ਦਮੋਦਰ ਅੱਖੀਂ ਡਿੱਠਾ' ਹਾਲ ਹੀ ਸੁਣਾ ਰਿਹਾ ਸੀ...

ਪੰਜਾਬ ਦੇ ਸਾਊ ਦਿਖਦੇ ਮੁੱਖ ਮੰਤਰੀ—ਬਾਦਲ ਹੁਰਾਂ ਬਹੁਤ ਸਮਾਂ ਲੁਧਿਆਣਾ ਜੇਲ੍ਹ 'ਚ ਹੀ ਗੁਜ਼ਾਰਿਆ ਹੈ ਅਤੇ ਮੇਰਾ ਵੀ ਕਿਉਂਕਿ ਇਹੀ ਜ਼ਿਲ੍ਹਾ ਹੈ ਅਤੇ ਕੁਝ ਸਮਾਂ ਮੈਂ ਵੀ ਉਥੇ ਹੰਢਾਇਆ ਹੈ। ਇਤਫ਼ਾਕ ਨਾਲ ਮੈਂ ਤੇ ਸਰਪੰਚ ਅੱਚਰਵਾਲੀਆ ਇਕੱਠੇ ਹੀ ਫੜ ਹੋਏ ਅਤੇ ਇਕੱਠੇ ਹੀ ਜੇਲ੍ਹ 'ਚ ਦਾਖਲ ਹੋਏ। ਸਾਡੇ ਨਾਅਰੇ ਲਾਉਣ ਤੋਂ ਜੇਲ੍ਹ ਦੇ ਮੁਲਾਜ਼ਮਾਂ ਨੂੰ ਇਹ ਤਾਂ ਪਤਾ ਲਗ ਗਿਆ ਕਿ ਇਹ ਕੋਈ ਸਿਆਸੀ ਜੀਵ ਹਨ ਪਰ......। 'ਤੁਸੀਂ ਕਿਹੜੀ ਪਾਰਟੀ ਦੇ ਓ ?' ਚੀਫ਼ ਵਾਰਡਰ ਨੇ ਫੁੰਕਾਰਾ ਮਾਰਿਆ। 'ਅਸੀਂ ਵਾਹੀਕਾਰ ਵਰਕਰ ਹਾਂ......।' 'ਨਹੀਂ ਤੁਸੀਂ ਅਕਾਲੀ ਓ ਜਾਂ ਜਨਸੰਘੀ ਜਾਂ ਕੁਛ ਹੋਰ !' 'ਅਸੀਂ ਸਿਆਸੀ ਕੈਦੀ ਹਾਂ।' ਸਾਨੂੰ ਉਂਜ ਪਤਾ ਹੈ ਸੀ ਕਿ ਸਾਡੀ ਗੱਲ ਇਸ ਦੇ ਪਿੜ-ਪੱਲੇ ਨਹੀਂ ਪਈ। ਅਸੀਂ ਫਿਰ ਕਿਹਾ ਸਾਨੂੰ ਉਥੇ ਭੇਜ ਦਿਓ ਜਿਥੇ ਬਾਕੀ ਸਿਆਸੀ ਕੈਦੀ ਨੇ। ਏਨੇ ਨੂੰ ਸੁਪਰਤੈਂਟ ਦਫ਼ਤਰ ਦਾ ਮੁਣਸ਼ੀ ਭੱਜਾ ਆਇਆ ਅਤੇ ਉਸ ਨੇ ਮਾਮਲੇ ਦੀ ਘੁੰਡੀ ਖੋਹਲਦੇ ਹੋਏ ਕਿਹਾ, "ਸੀ.ਆਈ.ਡੀ. ਦੀ ਰਿਪੋਰਟ ਐ... ਇਹ ਦੋਵੇਂ ਨਕਸਲੀ ਐ"। ਬਸ ਫਿਰ ਕੀ ਸੀ ਸਾਨੂੰ ਦੋਹਾਂ ਨੂੰ ਚੱਕੀਆਂ 'ਚ ਭੇਜ ਦਿਤਾ ਗਿਆ। ਕੁਝ ਦਿਨਾਂ 'ਚ ਜਦ ਲੜ ਝਗੜ ਕੇ ਅਸੀਂ ਚੱਕੀਆਂ 'ਚੋਂ ਬਾਹਰ ਤੁਰਨ ਫਿਰਨ ਦਾ ਅਧਿਕਾਰ ਲੈ ਲਿਆ ਤਾਂ ਸਭ ਤੋਂ ਪਹਿਲਾਂ ਅਸੀਂ ਸਰਦਾਰ ਬਾਦਲ ਨੂੰ ਵੇਖਣ ਗਏ...ਸਾਨੂੰ ਅਚੰਭਾ ਜਿਹਾ ਹੋਇਆ... ਸਜੀ ਸੰਵਰੀ ਖੁੱਲ੍ਹੇ ਵਿਹੜੇ ਦੀ ਇਮਾਰਤ ਵਿਚ ਦੋ ਪਲੰਘਾਂ ਤੋਂ ਬਿਨਾਂ ਇਕ ਥੱਲੇ ਲਾਇਆ ਹੋਇਆ ਗੱਦੇਦਾਰ ਬਿਸਤਰਾ... ਤਿੰਨ ਬਿਸਤਰ ਇਕੱਲੇ 'ਕੈਦੀ' ਨੂੰ ਦਿੱਤੇ ਗਏ ਸਨ...ਛੱਤ ਵਾਲਾ 56 ਇੰਚੀ ਪੱਖਾ ਕਾਫ਼ੀ ਨਹੀਂ ਸੀ, ਫਰਸ਼ 'ਤੇ ਲਾਏ ਹੋਏ ਕਿਸੇ ਸੇਠ ਦੇ ਗੱਦੇਦਾਰ ਬਿਸਤਰੇ ਵਰਗੇ ਆਸਣ 'ਤੇ ਬਿਰਾਜਮਾਨ ਬਾਦਲ ਸਾਹਬ ਦੇ ਇਕ ਸਿਰਹਾਣੇ ਵੱਲ ਦੀ ਗੁੱਠੇ ਅਤੇ ਇਕ ਪੈਰਾਂ ਵੱਲ ਜ਼ਰਾ ਹਟਵਾਂ—ਦੋਵੇਂ ਟੇਬਲ ਫੈਨ ਫੁਲ ਸਪੀਡ 'ਤੇ ਚੱਲ ਰਹੇ ਸਨ। ਖ਼ੈਰ ਜੇਲ੍ਹ 'ਚ ਗਰਮੀ ਵੀ ਤਾਂ ਕਹਿਰਾਂ ਦੀ ਹੁੰਦੀ ਐ। ਫਰਿੱਜ ਤੋਂ ਬਿਨਾਂ ਚਾਹ ਬਣਾਉਣ ਵਾਲੀ ਬਿਜਲੀ ਦੀ ਮਸ਼ੀਨ ਪਤਾ ਨਹੀਂ ਸਰਕਾਰੀ ਸੀ ਜਾਂ ਬਾਦਲ ਸਾਹਬ ਨੇ ਆਪਣੇ ਘਰੋਂ ਮੰਗਾਈ ਸੀ...... ਵਿਹੜੇ 'ਚ ਪੰਜ ਛੇ ਮੇਜਾਂ ਦੁਆਲੇ ਕੋਈ ਬਾਰਾਂ ਕੁ ਕੁਰਸੀਆਂ ..... ਛੋਟੀ ਜਿਹੀ ਫੁਲਵਾੜੀ ਅਤੇ ਨਾਲ ਹੀ ਚਿੜੀ-ਬੱਲਾ (ਬੈਡਮਿੰਟਨ) ਖੇਡਣ ਦੀ ਗਰਾਉਂਡ...ਬਾਦਲ ਸਾਹਿਬ ਨੂੰ 'ਤੰਗ' ਕਰਨ ਲਈ ਦਸ ਕੁ ਮੁਸ਼ੱਕਤੀਆਂ ਤੋਂ ਬਿਨਾਂ ਤਿੰਨ ਨੰਬਰਦਾਰ ਅਤੇ ਇਕ ਹੌਲਦਾਰ ਹਰ ਸਮੇਂ ਹਾਜ਼ਰ ਰਹਿੰਦੇ ਸਨ। ਬਾਦਲ ਸਾਹਬ ਦੇ ਮੂੰਹੋਂ ਨਿਕਲਣ ਵਾਲੇ ਬੋਲਾਂ ਨੂੰ ਬੋਚ ਕੇ ਹਰਕਤ 'ਚ ਆ ਜਾਣਾ ਉਹਨਾਂ ਦੀ ਡਿਊਟੀ ਸੀ। ਸੱਚ ਹਾਂ, ਕਬੂਤਰਾਂ ਦਾ ਮਾਹਰ ਇਕ ਕੈਦੀ ਵੀ ਬਾਦਲ ਸਾਹਬ ਦੇ ਜੇਲ੍ਹ 'ਚ ਪਾਲੇ ਹੋਏ ਕਬੂਤਰਾਂ ਦੀ ਸਾਂਭ ਸੰਭਾਲ ਲਈ ਹਰ ਸਮੇਂ ਉਥੇ ਰਹਿੰਦਾ ਸੀ...ਖਾਣ ਪੀਣ ਦੇ ਸਮਾਨ ਦਾ ਤਾਂ ਖ਼ੈਰ ਉਥੇ ਲੇਖਾ ਹੀ ਨਹੀਂ ਸੀ। ਇਹ ਸਾਰਾ ਕੌਤਕ ਵੇਖ ਕੇ ਕਾ: ਅਮਰ ਸਰਪੰਚ ਦੇ ਮੂੰਹੋਂ ਸੁਤੇ-ਸਿਧ ਹੀ ਨਿਕਲ ਗਿਆ ਕਿ "ਬਾਦਲ ਸਾਹਬ ਜੇ ਥੋਡੇ ਵਰਗੀ ਕਾਲ ਕੋਠੜੀ 'ਚ ਤੁਹਾਡੀ ਤਰ੍ਹਾਂ ਸਾਨੂੰ ਰੱਖਿਆ ਜਾਵੇ ਅਸੀਂ ਤਾਂ ਸਾਰੀ ਉਮਰ ਜੇਲ੍ਹ 'ਚੋਂ ਈ ਨਾ ਜਾਈਏ"। "ਕਾਮਰੇਡ ਥੋਡਾ ਕੀ ਐ, ਤੁਸੀਂ ਤਾਂ ਫਾਹੇ ਲੱਗੇ ਵੀ ਨੀ ਕੁਸਕਦੇ, ਮੈਂ ਤਾਂ ਜਿਦੋਂ ਦਾ ਇਥੇ ਆਇਆਂ ਸਿਹਤ ਹੀ ਠੀਕ ਨਹੀਂ ਰਹਿੰਦੀ।" ਸਰਦਾਰ ਬਾਦਲ ਸਹਿ-ਸੁਭਾ ਹੀ ਕਹਿ ਗਏ। ਕੁਝ ਏਧਰ ਓਧਰ ਦੀਆਂ ਗੱਲਾਂ ਦੇ ਬਾਅਦ ਮੈਂ ਕਿਹਾ, "ਬਾਦਲ ਸਾਹਬ ਤੁਹਾਡੀ ਇਕ ਸੂਬਾਈ ਪਾਰਟੀ ਹੈ ਅਤੇ ਅਜਿਹੀ ਪਾਰਟੀ ਨੂੰ ਬਹੁਤਾ ਸਮਾਂ ਵਿਰੋਧੀ ਬੈਂਚਾਂ 'ਤੇ ਹੀ ਰਹਿਣਾ ਪੈਂਦਾ ਐ..." ਬਾਦਲ ਨੇ ਹਾਂ 'ਚ ਸਿਰ ਹਿਲਾਇਆ। "...ਤੇ ਵਿਰੋਧੀ ਧਿਰ ਨੂੰ ਅਕਸਰ ਜੇਲ੍ਹਾਂ 'ਚ ਆਉਂਦੇ ਜਾਂਦੇ ਹੀ ਰਹਿਣਾ ਪੈਂਦਾ ਐ ਤੇ ਤੁਹਾਡੇ ਹੱਥ ਜਦ ਪੰਜਾਬ ਦੀ ਹਕੂਮਤ ਆਈ ਸੀ ਤੁਸੀਂ ਇਹਨਾਂ ਜੇਲ੍ਹਾਂ ਦਾ ਕੁਝ ਸੁਧਾਰ ਕਰ ਲੈਣਾ ਸੀ; ਆਹ ਤੁਹਾਡੇ ਸਾਹਮਣੇ ਦੇਖ ਲਓ ਕਿਵੇਂ ਪਸ਼ੂਆਂ ਤੋਂ ਵੀ ਭੈੜੀ ਜੂਨ ਕੱਟਣੀ ਪੈਂਦੀ ਐ..." (ਮਨ ਹੀ ਮਨ 'ਚ ਮੇਰਾ ਹਾਸਾ ਨਿਕਲ ਰਿਹਾ ਸੀ ਕਿ ਜਿਹੋ ਜਿਹੀ 'ਕਾਲ ਕੋਠੜੀ' 'ਚ ਇਹ ਰਹਿ ਰਿਹਾ ਹੈ ਇਸ ਤੋਂ ਵਧ ਹੋਰ ਕੀ ਸੁਧਾਰ ਇਹ ਜੀਵ ਕਿਆਸ ਸਕਦੇ ! ਖ਼ੈਰ...)। ਬਾਦਲ ਸਾਹਬ ਨੇ ਕੁਝ

ਲੰਬੇ ਜਿਹੇ ਹਉਕੇ ਨਾਲ ਕਿਹਾ, "ਕਾਮਰੇਡਾ ਗੱਲ ਤਾਂ ਤੇਰੀ ਠੀਕ ਐ ਪਰ ਉਦੋਂ ਤਾਂ ਸਾਥੋਂ ਆਪਣੀਆਂ ਪੱਗਾਂ ਹੀ ਸੂਤ ਨਾਂ ਆਈਆਂ। ਬੱਸ ਇਕ ਦੂਜੇ ਦੀਆਂ ਪੱਗਾਂ ਲਾਹੁਣ 'ਚ ਹੀ ਰੁੱਝੇ ਰਹੇ..." "ਚਲੋ ਖ਼ੈਰ! ਜੇ ਕਿਤੇ ਤੁਹਾਨੂੰ ਫਿਰ ਮੌਕਾ ਮਿਲ ਜੇ ਉਹੋ ਜਿਹਾ, ਫਿਰ ਕੁਝ ਨਿਗਾਹ ਹੋਊ ਏਧਰ ਵੀ?"

"ਨਿਗਾਹ!" ਬਾਦਲ ਸਾਹਬ ਨੇ ਬਹੁਤ ਹੈਰਾਨੀ ਭਰੀ ਮੁਦਰਾ 'ਚ ਤਕਦੇ ਹੋਏ ਕਿਹਾ, "ਸਭ ਤੋਂ ਪਹਿਲਾ ਕੰਮ ਈ ਇਹ ਹੋਊ, ਬਾਦ 'ਚ ਕੁਝ ਹੋਰ ......" ਅਤੇ ਦੂਰ ਦੇਖਦੇ ਹੋਏ ਉਹ ਬੋਲੇ, "**ਜੇਲ੍ਹਾਂ ਨੂੰ ਕਾਲਜਾਂ ਵਾਂਗੂੰ ਬਣਾ ਦਿਆਂਗੇ**......ਜੇ ਸੱਚੀ ਪੁੱਛੋ ਤਾਂ ਮੇਰੇ ਦਿਲ 'ਚ ਤਾਂ ਏਥੋਂ ਤੱਕ ਐ ਕਿ **ਨਰਕ ਭੋਗਦੇ ਪਾਪੀ ਜੀਵਾਂ ਨੂੰ ਇਕ ਵਾਰ ਰਿਹਾਅ ਕਰਕੇ ਜੇਲ੍ਹਾਂ ਖਾਲੀ ਕਰ ਦੇਵਾਂਗੇ**......"

ਸਾਡੇ ਤਾਂ ਕੰਨ ਉਦੋਂ ਵੀ ਹੱਸ ਪਏ ਸੀ... ਖ਼ੈਰ...।

ਇਕ ਵੰਨਗੀ ਤਾਂ ਇਹ ਸੀ ਇੰਦਰਾ ਦੀ ਤਾਨਾਸ਼ਾਹੀ ਵਿਰੁੱਧ 'ਲੜਨ' ਵਾਲਿਆਂ ਦੀ ਬਿਲਕੁਲ ਉਵੇਂ ਹੀ ਜਿਹੋ ਜਿਹੇ ਗਾਂਧੀ ਨਹਿਰੂ ਅੰਗਰੇਜ਼ਾਂ ਸਮੇਂ ਸਨ। ਨਿਕੇ ਹੁੰਦੇ ਪੜ੍ਹਿਆ ਕਰਦੇ ਸੀ ਕਿ ਗਾਂਧੀ ਜੀ ਨੇ ਏਨੀ ਵਾਰ ਜੇਲ੍ਹ-ਯਾਤਰਾ ਕੀਤੀ ਪਰ ਇਹ ਸਮਝ ਅੱਜ ਆਇਆ ਕਿ ਉਹਨਾਂ ਲਈ ਜੇਲ੍ਹ ਵਾਕਿਆ ਹੀ ਯਾਤਰਾ ਹੋਵੇਗੀ ਕਿਉਂਕਿ ਇਹੋ ਜਿਹੇ ਵਿਰੋਧੀਆਂ ਨੂੰ ਯਾਤਰਾ ਹੀ ਕਰਾਈ ਜਾਂਦੀ ਐ। ਕੀ ਕਾਲੇ ਪਾਣੀਆਂ ਦੇ ਤਸੀਹੇ ਭੋਗਣ ਵਾਲੇ ਤੇ ਭਗਤ, ਸਰਾਭੇ ਵਰਗੇ ਅਨੇਕਾਂ, ਜੋ ਇਹਨਾਂ ਕਾਲੀਆਂ ਕੰਧਾਂ ਨੇ ਨਿਗਲ ਲਏ ਸਨ, ਉਹਨਾਂ ਲਈ ਇਹ ਯਾਤਰਾ ਸੀ......?!

ਨਕਸਲੀ ਨੌਜਵਾਨਾਂ ਦੀ ਤਾਂ ਦਾਸਤਾਂ ਹੀ ਹੋਰ ਹੈ। ਇੰਦਰਾ ਨੇ ਹੀ ਨਹੀਂ ਖ਼ੁਦ ਸਰਦਾਰ ਬਾਦਲ ਅਤੇ "ਮਹਾਨ ਕਮਿਊਨਿਸਟ" ਜਿਓਤੀ ਬਾਸੂ ਵਰਗਿਆਂ ਨੇ ਵੀ ਉਹਨਾਂ ਨੂੰ ਇਹਨਾਂ ਕੰਧਾਂ ਦੇ ਅੰਦਰ ਡੱਕਣ ਦੀ ਲੋੜ ਨਹੀਂ ਸਮਝੀ... ਲੋਕਾਂ ਦੀਆਂ ਅੱਖਾਂ ਸਾਹਮਣੇ ਉਹਨਾਂ ਨੂੰ ਨਹਿਰਾਂ ਜਾਂ ਪੁਲਾਂ ਜਾਂ ਖੇਤਾਂ ਹਵਾਲੇ ਕਰ ਦਿੱਤਾ ਜਾਂਦਾ ਰਿਹਾ......

ਐਮਰਜੈਂਸੀ ਦੌਰਾਨ ਉਹਨਾਂ ਲੋਕਾਂ ਨੂੰ ਜੋ ਵੱਖ ਵੱਖਰੀਆਂ ਜਨਤਕ ਜਥੇਬੰਦੀਆਂ ਨਾਲ ਸੰਬੰਧ ਰਖਦੇ ਸਨ ਅਤੇ ਜੋ ਸਹੀ ਅਰਥਾਂ 'ਚ ਜ਼ੁਲਮ-ਜਬਰ ਵਿਰੁੱਧ ਮੂਹਰੇ ਹੋ ਕੇ ਲੜਨ ਵਾਲੇ ਸਨ, ਉਹਨਾਂ ਨੂੰ ਇਹਨਾਂ ਕੰਧਾਂ ਦੇ ਅੰਦਰ ਰੱਖਣ ਦਾ ਵੀ ਇੱਕ ਵੱਖਰਾ ਢੰਗ ਸੀ। ਬੇੜੀਆਂ ਲਾ ਕੇ ਦਿਨ ਰਾਤ ਬੰਦ ਰੱਖਣਾਂ, ਨਿੱਕੀ ਨਿੱਕੀ ਗੱਲ 'ਤੇ ਜ਼ਲੀਲ ਕਰਨਾ ਅਤੇ ਮਾਰ ਕੁੱਟ 'ਤੇ ਉਤਾਰੂ ਰਹਿਣਾ...ਜੇਲ੍ਹ ਦੇ ਅੰਦਰ ਜੇਲ੍ਹ ਬਣਾਕੇ ਸਧਾਰਨ ਕੈਦੀਆਂ ਨਾਲ ਵੀ ਕੋਈ ਸੰਪਰਕ ਨਾਂ ਬਣਨ ਦੇਣਾ...24 ਘੰਟੇ ਉਹਨਾਂ ਦੀ ਹਰ ਹਰਕਤ 'ਤੇ ਪਹਿਰਾ ਦੇਣਾ...ਗੱਲ ਕੀ ਅਜੇਹੀਆਂ ਬੇਗਿਣਤ "ਸਹੂਲਤਾਂ" ਦੇਣੀਆਂ ਤਾਂ ਕਿ ਉਹਨਾਂ ਦਾ ਮਨੋਬਲ ਕਾਇਮ ਨਾਂ ਰਹਿ ਸਕੇ......ਮਨੋਬਲ ਕਾਇਮ ਵੀ ਰਹੇ ਤਾਂ ਘੱਟੋ ਘੱਟ ਉਹ ਸਰੀਰਕ ਤੌਰ 'ਤੇ ਜ਼ਰੂਰ ਨਕਾਰਾ ਕਰ ਦਿੱਤੇ ਜਾਣ। ਇਹ ਵੀ ਇਕ ਵੰਨਗੀ ਸੀ ਕੰਧਾਂ ਦੇ ਉਸ ਪਾਰ ਸਿਆਸੀ ਵਿਰੋਧੀਆਂ ਦੀ। ਇਹਨਾਂ ਸੂਰਮਿਆਂ ਦੇ ਮਨੋਬਲ ਡਿੱਗਣ ਦੀ ਬਜਾਏ ਹਰ ਚੜ੍ਹਦੇ ਦਿਨ ਹੋਰ ਬੁਲੰਦ ਹੁੰਦੇ ਸਨ... ਉਹ ਆਪਣੇ ਲਈ ਹੀ ਨਹੀਂ ਸਗੋਂ ਆਪਣੇ ਉਹਨਾਂ ਸੈਂਕੜੇ ਭਰਾਵਾਂ ਲਈ ਵੀ, ਜੋ ਇਖ਼ਲਾਕੀ ਜੁਰਮਾਂ ਤਹਿਤ ਪਸ਼ੂਆਂ ਤੋਂ ਭੈੜੀ ਜੂਨ ਗੁਜ਼ਾਰਨ ਲਈ ਮਜ਼ਬੂਰ ਕੀਤੇ ਹੁੰਦੇ ਹਨ, ਜੇਲ੍ਹ ਅਧਿਕਾਰੀਆਂ ਸੰਗ ਟੱਕਰਾਂ ਲੈਂਦੇ ਤੇ ਹੋਰ ਤੰਗੀਆਂ ਤੇ ਤਕਲੀਫ਼ਾਂ ਨੂੰ ਬੁਲਾਵੇ ਦਿੰਦੇ ਰਹਿੰਦੇ ਸਨ। ਉਹਨਾਂ ਨੂੰ ਸੈਂਕੜੇ, ਲੋਕਾਂ ਦੇ ਜਾਏ ਅੱਜ ਵੀ ਯਾਦ ਕਰਦੇ ਹਨ। ਬਾਹਰ ਵੀ ਉਹ ਅਣਖ ਇੱਜਤ ਦੀ ਜ਼ਿੰਦਗੀ ਜਿਉਣ ਲਈ ਲੜਦੇ ਗਏ ਸਨ ਅਤੇ ਅੰਦਰ ਹੁੰਦੀਆਂ ਬੇਇਨਸਾਫ਼ੀਆਂ ਵਿਰੁੱਧ ਉਹ ਦੂਸਰੇ ਭਰਾਵਾਂ ਸੰਗ ਰਲ ਕਿਓਂ ਨਾਂ ਲੜਦੇ! **ਉਹਨਾਂ ਲਈ ਤਾਂ ਜ਼ਿੰਦਗੀ ਦਾ ਅਰਥ ਹੀ ਸੰਗਰਾਮ ਹੈ**...

ਕੰਧਾਂ ਦੇ ਉਸ ਪਾਰ ਜੋ ਜ਼ਿੰਦਗੀ ਨਾਲ ਘੁਲ ਰਹੇ ਹਨ ਉਹ ਇਸ ਲੁਟੇਰੇ ਰਾਜ ਪਰਬੰਧ ਦੀ ਹੀ ਤਾਂ ਦੇਣ ਹਨ ਜਿਸ ਉਹਨਾਂ ਨੂੰ ਚੋਰੀਆਂ ਕਰਨ ਅਤੇ ਆਪਣੇ ਪਿਆਰਿਆਂ ਦੇ ਕਤਲ ਕਰਨ ਲਈ ਮਜਬੂਰ ਕੀਤਾ। ਚੋਰ, ਡਾਕੂ ਅਤੇ ਲੁਟੇਰਾ ਤਾਂ ਇਹ ਜ਼ਿੰਦਗੀ-ਵਿਰੋਧੀ ਜਾਬਰ ਢਾਂਚਾ ਹੈ।

ਅੱਜ ਵੀ ਜੇਲ੍ਹ ਮੈਨੂਅਲ ਉਹੀ ਹੈ ਜੋ ਅੰਗਰੇਜ ਛੱਡ ਗਏ ਸਨ......ਬਿਮਾਰੀ ਨਾਲ ਕਰਾਹ ਰਹੇ ਬੰਦੇ ਲਈ ਲੱਕੜੀ ਦੇ ਮੁੱਠੇ 'ਚ ਜੜੇ ਦੋ-ਦੋ ਫੁੱਟੇ ਪਟਿਆਂ ਦੇ ਟੀਕੇ ਲਾਉਂਦੇ ਨੇ ਕਿਉਂਕਿ ਵਾਰਡਨ ਜਾਂ ਚੀਫ਼ ਵਾਰਡਨ ਤਾਂ ਇਹੀ ਜਾਣਦੇ ਕਿ ਜਿਡੀ ਵੱਡੀ ਰਕਮ ਜਿਹੜਾ ਕੈਦੀ ਉਸ ਦੀ ਜੇਬ 'ਚ ਪਾ ਸਕਦਾ ਹੈ, ਉਸਨੂੰ ਓਡੀ ਵੱਡੀ ਬਿਮਾਰੀ ਹੁੰਦੀ ਹੈ... ਤੇ ਪੈਸੇ ਦਿੱਤੇ ਬਿਨਾਂ ਚਾਹੇ ਕਿਸੇ ਨੂੰ ਦਿਲ ਦਾ ਜਾਂ ਮਿਰਗੀ ਦਾ ਦੌਰਾ ਕਿਉਂ ਨਾ ਪੈ ਜਾਵੇ ਉਹਨਾਂ ਦੇ ਸਰਜਨ ਦਿਮਾਗ "ਕੋਈ ਬਿਮਾਰੀ ਨਹੀਂ, ਮਕਰਾ ਐ" ਐਲਾਨ ਕੇ ਸੈਲਾਂ 'ਚ ਭੇਜ ਦਿੰਦੇ ਨੇ। ਅੰਗਰੇਜਾਂ ਵੇਲੇ ਦੀ ਮਿਥੀ ਹੋਈ ਕੈਦੀ ਦੀ ਖ਼ੁਰਾਕ ਦੇ ਤਿੰਨ ਹਿੱਸੇ ਕੰਧਾਂ ਤੋਂ ਬਾਹਰ ਹੀ ਰਹਿ ਜਾਂਦੇ ਹਨ... ਤੇ ਕੰਧਾਂ ਅੰਦਰ ਪਹੁੰਚ ਜਾਂਦਾ ਹੈ ਪੀਠਿਆ ਪੱਥਰ, ਰੇਤਾ-ਮਿੱਟੀ ਅਤੇ ਲੱਕੜ ਦਾ ਬੂਰਾ ਅਤੇ ਹੋਰ ਪਤਾ ਨਹੀਂ ਕੀ ਕੁਝ। ਰੋਟੀ ਦੇ ਨਾਂਅ 'ਤੇ ਮਿਲਣ ਵਾਲੇ ਇਸ ਮਿਸ਼ਰਣ ਨੂੰ ਅਧ ਪੱਕਾ ਕਰਕੇ ਕੈਦੀ ਮੂਹਰੇ ਸੁਟ ਦਿੱਤਾ ਜਾਂਦਾ ਹੈ? ਅਤੇ ਜੇ ਕੋਈ ਨਵਾਂ ਨਵਾਂ ਗਿਆ ਇਕ ਅੱਧ ਡੰਗ ਇਸ ਨੂੰ ਆਪਣੇ ਢਿੱਡ 'ਚ ਪਾਉਣ ਦੀ ਜੁੱਰਅਤ ਨਾਂ ਕਰੇ ਤਾਂ ਉਹਨੂੰ ਬਾਗੀ ਕਰਾਰ ਦੇ ਕੇ ਉਸੇ ਸਮੇਂ ਨਜਿੱਠ ਲਿਆ ਜਾਂਦਾ ਹੈ। ਕਹਿੰਦੇ ਹਨ ਕਿ ਕੰਧਾਂ ਦੇ ਵੀ ਕੰਨ ਹੁੰਦੇ ਨੇ, ਹੋਰ ਕਿਤੇ ਭਾਵੇਂ ਫ਼ਟਕ ਹੋਵੇ ਪਰ ਜੇਲ੍ਹ ਦੀਆਂ ਕੰਧਾਂ ਦੇ ਤਾਂ ਜਰੂਰ ਹੁੰਦੇ ਨੇ। ਮਾੜਾ ਜਿਹਾ ਉੱਚਾ ਲਿਆ ਸਾਹ...ਜਾਂ ਕਿਸੇ ਦਰਦ 'ਚੋਂ ਨਿਕਲੀ ਚੀਕ ਦਫ਼ਤਰ 'ਚ ਬੈਠੇ ਅਧਿਕਾਰੀਆਂ ਨੂੰ ਝੱਟ ਸੁਣ ਜਾਦੀ ਹੈ। ਬਸ ਫਿਰ ਉਸ ਦਾ ਵੀ ਓਹੀ ਇਲਾਜ਼। ਉਪਰਲੇ ਅਫ਼ਸਰਾਂ ਦੀ ਤਾਂ ਗੱਲ ਛੱਡੋ ਜੇ ਕਿਸੇ ਸਭ ਤੋਂ ਹੇਠਲੇ ਦਰਜੇ ਦੇ ਸਿਪਾਹੀ ਦੇ ਸਾਹਮਣੇ ਵੀ ਕੋਈ ਧੌਣ ਸਿੱਧੀ ਕਰਕੇ ਝਾਕ ਪਵੇ ਤਾਂ ਉਸ ਦੇ ਨਾਲ ਵੀ ਜੇਲ੍ਹ ਦੇ ਬਾਗ਼ੀਆਂ ਵਾਲਾ ਵਰਤਾਓ ਕੀਤਾ ਜਾਂਦਾ ਹੈ। ਬੇਸ਼ਕ ਇਹ ਪਖੰਡ ਕੀਤਾ ਜਾਂਦਾ ਹੈ ਕਿ ਹਫ਼ਤੇ 'ਚ ਦੋ ਦਿਨ ਸੁਪਰਡੈਂਟ, ਮਹੀਨੇ 'ਚ ਇਕ ਵਾਰ ਸੀ. ਐਮ. ਓ., ਇਕ ਵਾਰ ਡੀ. ਸੀ. ਅਤੇ ਇਕ ਵਾਰ ਸੈਸ਼ਨ ਜੱਜ ਜੇਲ੍ਹ ਦਾ ਦੌਰਾ ਕਰਦੇ ਹਨ ਤੇ ਕੈਦੀਆਂ ਦੇ ਦੁੱਖ ਤਕਲੀਫ਼ਾਂ ਸੁਣਦੇ ਹਣ ਪਰ ਹੁੰਦਾ ਇਹ ਹੈ ਕਿ ਜਦੋਂ ਵੀ ਕੋਈ ਦੌਰਾ ਹੁੰਦੇ ਸਾਰੇ ਕੈਦੀ ਲਾਈਨਾਂ 'ਚ ਖੜ੍ਹੇ ਰਹਿਣਗੇ

ਤੇ ਸਾਹਬ ਉਹਨਾਂ ਦੇ ਸਾਹਮਣੇ ਦੀ ਲੰਘ ਕੇ ਆਪਣਾ ਦੌਰਾ ਖ਼ਤਮ ਕਰ ਲੈਂਦਾ ਹੈ। ਇਹ ਸਭ ਨੂੰ ਸਪਸ਼ਟ ਹੀ ਹੁੰਦਾ ਹੈ ਕਿ ਜੇ ਕਿਸੇ ਵੀ ਗੱਲ 'ਤੇ ਕਿਸੇ ਨੇ ਸੁਆਲ ਕੀਤਾ ਤਾਂ ਬਾਅਦ 'ਚ ਉਹਦਾ ਜੁਆਬ ਉਹਨਾਂ ਪਟਿਆਂ ਨਾਲ, ਬੇੜੀਆਂ ਜਾਂ ਚੱਕੀ ਬੰਦ ਨਾਲ ਮਿਲਣਾ ਹੈ। ਇਸ ਨੂੰ ਵੀ ਜ਼ਿੰਦਗੀ ਦਾ ਨਾਂਅ ਦਿੱਤਾ ਜਾਂਦਾ ਹੈ । 1976 'ਚ ਜੁਲਾਈ-ਅਗਸਤ ਦੇ ਦੋ ਕੁ ਮਹੀਨਿਆਂ 'ਚ ਹੀ ਫਿਰੋਜ਼ਪੁਰ ਜੇਲ੍ਹ 'ਚ ਮਲੇਰੀਏ ਨਾਲ ਹੀ 12 ਮੌਤਾਂ ਹੋਈਆਂ, ਜਦ ਕਿ ਅਕਾਲੀ ਆਗੂ ਜਸਵਿੰਦਰ ਬਰਾੜ ਦਾਂ ਜੇਲ੍ਹ 'ਚੋਂ ਲਈਆਂ ਦੁਆਈਆਂ ਦਾ ਬਜਟ ਕਈ ਹਜ਼ਾਰ ਦਾ ਸੀ।

ਅੱਜ ਹਕੂਮਤੀ ਕੁਰਸੀਆਂ 'ਤੇ ਬਿਰਾਜਮਾਨ ਆਗੂਆਂ ਨੇ ਉਸ ਸਮੇਂ ਇਹਨਾਂ ਇਖ਼ਲਾਕੀ ਕੈਦੀਆਂ ਲਈ ਕੋਈ ਸਹਾਰਾ ਤਾਂ ਕੀ ਬਣਨਾ ਸੀ (ਜਿਸਦੀ ਕੈਦੀ ਆਸ ਵੀ ਰਖਦੇ ਸਨ), ਸਗੋਂ ਉਹਨਾਂ ਦੀ ਜ਼ਿੰਦਗੀ ਨੂੰ ਹੋਰ ਨਰਕ ਬਣਾਉਣ ਲਈ ਇਹਨਾਂ ਉਦੋਂ ਵੀ ਕੋਈ ਕਸਰ ਨਹੀਂ ਛੱਡੀ। ਬਿਮਾਰ ਕੈਦੀਆਂ ਦੀਆਂ ਦਵਾਈਆਂ, ਡਬਲ ਰੋਟੀਆਂ, ਆਂਡੇ ਚੌਲ ਜਾਂ ਮੀਟ ਵਗੈਰਾ ਜੋ ਆਮ ਹਾਲਤਾਂ 'ਚ ਉਹਨਾਂ ਨੂੰ ਮਾੜਾ-ਮੋਟਾ ਮਿਲ ਹੀ ਜਾਂਦਾ ਸੀ। ਇਹਨਾਂ ਸਿਆਸੀ ਆਗੂਆਂ ਦੀ ਬਦੌਲਤ ਇਹਨਾਂ ਦੇ ਵਰਕਰਾਂ, ਜੋ ਹਸਪਤਾਲ ਦੇ ਰਜਿਸਟਰਾਂ 'ਚ ਬਿਮਾਰ ਸਨ ਉਂਜ ਚੰਗੇ ਭਲੇ ਹੁੰਦੇ, ਨੂੰ ਸਭ ਕੁੱਝ ਮਿਲ ਜਾਂਦਾ ਸੀ ਜਿਸ ਕਰਕੇ ਹਸਪਤਾਲ ਦਾ ਪਹਿਲਾ ਮਨਜ਼ੂਰ ਹੋਇਆ ਬਜਟ ਸਿਰਫ਼ ਇਹਨਾਂ ਦੀ ਹੀ ਲੋੜ ਪੂਰੀ ਕਰਦਾ ਸੀ...... ਕੈਦੀ ਮਨ ਹੀ ਮਨ 'ਚ ਕਹਿੰਦੇ ਕਿ ਤੁਸੀਂ ਹੁਣ ਸਾਡੇ ਨਾਲ ਭੈੜੀ ਕਰਦੇ ਹੋ ਜੇਲ੍ਹ 'ਚ ਹੁੰਦੇ ਹੋਏ... ਤੇ ਜੇ ਤੁਹਾਡੀ ਹਕੂਮਤ ਆ ਗਈ ਫਿਰ ਤਾਂ ......

ਅੱਜ ਮੈਨੂੰ ਕਿੰਨੇ ਹੀ ਕੈਦੀਆਂ ਦੇ ਖਤ ਆਉਂਦੇ ਨੇ, ਸੁਨੇਹੇ ਆਉਂਦੇ ਨੇ ਤੇ ਪਤਾ ਲਗਦੈ ਕਿ ਅੱਜ ਵੀ ਉਹਨਾਂ ਨਾਲ ਓਹੀ ਕੁਝ ਹੋ ਰਿਹਾ ਹੈ, ਜੋ ਕਾਂਗਰਸੀ ਰਾਜ ਵੇਲੇ ਹੁੰਦਾ ਰਿਹਾ ਹੈ। ਅਕਾਲੀ-ਜਨਤਾ ਆਗੂਆਂ ਦੇ ਜੇਲ੍ਹਾਂ 'ਚ ਕੀਤੇ ਕੈਦੀਆਂ ਨਾਲ ਵਾਅਦੇ ਤਾਂ ਉਸ ਚਾਰ-ਦਿਵਾਰੀ ਦੇ ਅੰਦਰ ਹੀ ਰਹਿ ਗਏ। ਹਾਂ ਲੁਧਿਆਣੇ ਜੇਲ੍ਹ ਦੇ ਸੁਪਰਡੈਂਟ ਨਾਲ ਚਾਹੇ ਬਾਦਲ ਸਾਹਬ ਨੇ ਕੋਈ ਵਾਅਦਾ ਨਾਂ ਵੀ ਕੀਤਾ ਹੋਵੇ ਪਰ ਤਾਂ ਵੀ ਓਹਨੂੰ ਪਟਿਆਲਾ ਜੇਲ੍ਹ 'ਚ ਕੀਤੇ ਇਕ ਸਮਾਰੋਹ 'ਚ ਬਾਦਲ ਸਾਹਬ ਨੇ ਸਨਮਾਨਿਆਂ ਹੈ ਅਤੇ ਏਥੋਂ ਤਕ ਕਿਹਾ ਕਿ ਜੇ ਧਰਤੀ ਦੇ ਕਿਸੇ ਮਨੁਖ ਨੂੰ ਦੇਵਤਾ ਕਿਹਾ ਜਾ ਸਕਦਾ ਹੈ ਤਾਂ ਉਹ ਮੈਂ ਸਮਝਦਾ ਹਾਂ ਕਿ ਸਿਰਫ਼ ਇਹ ਸੁਪਰਡੈਂਟ ਹੀ ਹੈ......

ਅਤੇ ਇਸੇ ਦੇਵਤੇ ਦੀ ਕਰੋਪੀ ਦਾ ਸਿਕਾਰ ਹੈ ਕੰਧਾਂ ਦੇ ਉਸ ਪਾਰੋਂ ਓਪਰੋਕਤ ਦਾਸਤਾਂ ਲਿਖ਼ਣ ਵਾਲਾ ਖੇਤੂ ਰਾਮ ਉਰਫ਼ ਦੁਖੀਆ ਜੋ ਜਿੰਦਗੀ ਦੇ ਆਖ਼ਰੀ ਸਾਹ ਲੈ ਰਿਹਾ ਹੈ...... ਇਸ "ਜਮਹੂਰੀ" ਦੇਸ 'ਚ...... !! ★★

(ਜੈਕਾਰਾ ਵਿਚੋਂ ਧੰਨਵਾਦ ਸਹਿਤ)


# Where will you get your new licence plates?

Autoplan '79 PROTECTION PLUS SERVICE '79

YOUR Independent Insurance AGENT "SERVES YOU FIRST"

**KINGSGATE INSURANCE AGENCIES**

*Have New Licence Plates Waiting For You*

*DEADLINE FOR RENEWAL OF AUTOMOBILE INSURANCE AND LICENCE IS FEB 28/79. AVOID THE LAST MINUTE RUSH AND RENEW NOW.!*

Autoplan AUTHORIZED AGENT

THE BEST SERVICE COSTS NO MORE

For Quick, Efficient & Most Courteous Service Visit Our Three Convenient Locations to Serve You Better

**104 Kingsgate Mall**
**370 E. Broadway,**
**Vancouver**
**Tel. 872-8727, 873-1969**

6679 Main St. (at 51st)
Vancouver
Tel: 324-2311

**1709 Lonsdale Ave.**
**North Vancouver**
**988-8822**

# ਨਵੀਂ ਪੌਦ ਦੇ ਨਾਮ ਇਕ ਖ਼ਤ- ਗਵੈਂਡੋਲਿਨ ਮੈਕਈਵਨ

—ਸੁਖਿੰਦਰ

ਇਸ ਸਦੀ ਦੇ ਸੱਠਵੇਂ ਦਹਾਕੇ ਵਿਚ, ਜਦੋਂ ਕਿ ਉੱਤਰੀ ਅਮਰੀਕਾ ਮਹਾਂ-ਦੀਪ ਵਿਚ ਉੱਥਲ ਪੁੱਥਲ ਹੋ ਰਹੀ ਸੀ। ਇਕ ਪਾਸੇ ਵੀਤਨਾਮ ਦੀ ਜੰਗ ਵਿਚ ਅਮਰੀਕਨਾਂ ਦਾ ਉਲਝ ਜਾਣਾ ਤਾਂ ਦੂਜੇ ਪਾਸੇ ਇਸ ਮਹਾਂਦੀਪ ਦੀ ਨੌਜਵਾਨ ਪੀੜ੍ਹੀ ਵਿਚ ਜੰਗ ਦੇ ਖਿਲਾਫ਼ ਰੋਹ ਤੇ ਨਫ਼ਰਤ ਦਾ ਜਾਗਣਾ, ਨੌਜਵਾਨ ਪੀੜ੍ਹੀ ਦਾ ਆਪਣੇ ਅਸਪੱਸ਼ਟ ਭਵਿਖ ਬਾਰੇ ਸੋਚ ਕੇ ਚਿੰਤਾ ਵਿਚ ਡੁੱਬ ਜਾਣਾ। ਇਹ ਸਮਾਂ ਵਿਦਿਆਰਥੀ ਸੰਘਰਸ਼ਾਂ, ਸਿਵਲ ਰਾਈਟਸ ਮੂਵਮੈਂਟਾਂ, ਬਲੈਕ ਪੈਂਥਰਜ਼, ਵੂਮੈਨ ਲਿਬਰੇਸ਼ਨ, ਅਤੇ ਹਿੱਪੀ ਕਲਚਰ ਦਾ ਸਮਾਂ ਸੀ। ਪੁਰਾਣੀਆਂ ਕੀਮਤਾਂ ਕੱਚ ਦੇ ਗਿਲਾਸ ਵਾਂਗ ਟੁੱਟ ਰਹੀਆਂ ਸਨ। ਅਤੇ ਇਕ ਨਵੀਂ ਦੁਨੀਆਂ ਦਾ ਉਦੈ ਹੋ ਰਿਹਾ ਸੀ। ਜਿਸਦੇ ਚਮਕਦੇ ਸਿਤਾਰੇ ਜੈਨੀਸ, ਜੋਪਲਿਨ, ਬਾਬ ਡਿਲਨ, ਫਰੈਂਕ ਜ਼ਾਪਾ, ਜੋਨ ਬਾਇਜ਼, ਲਿਓਨੌਰਡ ਕੋਹਨ, ਐਲਨ ਗਿਨਜ਼ਬਰਗ ਲੋਕਾਂ ਦੀਆਂ ਅੱਖਾਂ ਚੁੰਧਿਆ ਰਹੇ ਸਨ। ਇਹੀ ਉਹ ਸਮਾਂ ਸੀ ਜਦੋਂ ਕਿ ਇਕ ਪਾਸੇ ਤਾਂ ਤਕਨਾਲੋਜੀ ਵਿਚ ਨਵੇਂ ਨਵੇਂ ਪ੍ਰਯੋਗ ਹੋ ਰਹੇ ਸਨ ਤਾਂ ਦੂਜੇ ਪਾਸੇ ਇਸ ਮੈਟੀਰੀਅਲਿਸਟਿਕ ਜ਼ਿੰਦਗੀ ਤੋਂ ਮੂੰਹ ਮੋੜਦੀ ਨਵੀਂ ਪੀੜ੍ਹੀ "ਟਰਾਂਸ ਮੈਡੀਟੇਸ਼ਨਜ਼" ਅਤੇ "ਕਾਂਊਂਟਰ ਕਲਚਰ" ਵੱਲ ਰੁਚਿਤ ਹੋ ਰਹੀ ਸੀ।

ਇਸ ਕ੍ਰਾਂਤੀਕਾਰੀ ਦੌਰ ਦੇ ਸਮੇਂ ਵਿਚ ਕਲਾ, ਕਵਿਤਾ, ਫਿਲਮਾਂ, ਸੰਗੀਤ, ਨਾਚ, ਫੋਟੋਗਰਾਫੀ, ਚਿਤਰਕਲਾ ਵਿਚ ਨਵੇਂ ਨਵੇਂ ਪ੍ਰਯੋਗ ਹੋਣ ਲੱਗੇ ਸਨ। ਕਿਸੇ ਵੀ ਇਕ ਮੀਡੀਅਮ ਦੀ ਸੰਪੂਰਨਤਾ ਤੇ ਕਿੰਤੂ ਹੋਣ ਲੱਗਾ ਸੀ। ਕਲਾਕਾਰ ਆਪਣੀ ਚੇਤਨਾ ਨੂੰ ਚਰਸ, ਭੰਗ, ਮੈਸਕਾਲਿਨ ਤੇ ਐਲ. ਐਸ. ਡੀ. ਵਿਚ ਡੋਬ ਕੇ ਨਵੇਂ ਵਿਸ਼ਿਆਂ ਅਤੇ ਅਨੁਭਵਾਂ ਦੀ ਤਲਾਸ਼ ਵਿਚ ਜੁੱਟ ਗਏ ਸਨ। ਅਜਿਹੇ ਮਾਹੌਲ ਵਿਚੋਂ ਹੀ, ਇਸੇ ਹੀ ਸਮੇਂ ਕੈਨੇਡਾ ਦੀ ਕਵਿਤਾ ਵਿਚ ਵੀ ਇਕ ਲਹਿਰ ਉੱਠੀ। ਜਿਸ ਨੂੰ "ਸੱਠਵੇਂ ਦਹਾਕੇ ਦੀ ਕਵਿਤਾ ਲਹਿਰ" ਨਾਲ ਜਾਣਿਆਂ ਜਾਂਦਾ ਹੈ। ਕੈਨੇਡੀਅਨ ਕਵਿਤਾ ਵਿਚ ਇਸ ਸਮੇਂ ਮਾਈਕਲ ਅਨਡਾਪਜੇ, ਮਾਰਗਰੇਟ ਐਟਵੁੱਡ, ਜਾਰਜ ਬੋਵਰਿੰਗ, ਅਲ ਪਰਡੀ, ਲਿਓਨਾਰਡ ਕੋਹਨ ਅਤੇ ਕੁਝ ਹੋਰ ਨਵੇਂ ਨਾਂ ਉਭਰਨ ਲੱਗੇ। ਇਨ੍ਹਾਂ ਵਿਚ ਹੀ ਇਹ ਹੋਰ ਨਾਮ ਸੀ ਜੋ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣਿਆ। ਉਹ ਸੀ ਕੈਨੇਡਾ ਦੀ ਕਵਿਤ੍ਰੀ - ਗਵੈਂਡੋਲਿਨ ਮੈਕਈਵਨ।

ਗਵੈਂਡੋਲਿਨ ਮੈਕਈਵਨ (1941) ਟਰਾਂਟੋ ਦੀ ਜੰਮਪਲ, ਇਹ ਕਵਿਤਰੀ ਜੋ ਕਿ ਆਪਣੇ ਮਿੱਤਰਾਂ ਅਤੇ ਪਾਠਕਾਂ ਵਿਚ ਵਧੇਰੇ ਕਰਕੇ "ਗਵੈੱਨ" ਦੇ ਨਾਮ ਨਾਲ ਜਾਣੀ ਜਾਂਦੀ ਹੈ। ਗਵੈੱਨ ਨੇ ਆਪਣੀ ਜ਼ਿੰਦਗੀ ਦੇ ਅਠਾਰ੍ਹਵੇਂ ਵਰ੍ਹੇ ਵਿਚ ਹੀ ਆਪਣੀ ਜ਼ਿੰਦਗੀ ਬਾਰੇ ਏਡਾ ਵੱਡਾ ਫੈਸਲਾ ਕਰ ਲਿਆ ਸੀ, ਜਿਹੜਾ ਆਮ ਮਨੁੱਖ ਸ਼ਾਇਦ ਕਰਕੇ ਅਜਿਹਾ ਸੋਚਣ ਦਾ ਜੇਰਾ ਵੀ ਨਹੀਂ ਕਰ ਸਕਦੇ। ਸਕੂਲ ਦੀ ਬਾਰ੍ਹਵੀਂ ਜਮਾਤ ਪਾਸ ਕਰਨ ਬਾਅਦ ਹੀ ਉਸ ਨੇ ਸਕੂਲ ਛੱਡ ਦਿੱਤਾ। ਅਜੇ ਉਹ ਵੀਹਾਂ ਵਰ੍ਹਿਆਂ ਦੀ ਹੀ ਸੀ, ਜਦੋਂ ਉਸ ਦੀ ਕਵਿਤਾ ਟਰਾਂਟੋ ਦੀ ਇਕ ਪ੍ਰਸਿੱਧ ਪਤ੍ਰਿਕਾ "ਦੀ ਕੈਨੇਡੀਅਨ ਫੋਰਮ" ਵਿਚ ਛਾਪੀ ਗਈ। ਜਦੋਂ ਕਿਸੇ ਨੇ ਇਕ ਵਾਰੀ ਗਵੈੱਨ ਤੋਂ ਪੁੱਛਿਆ ਕਿ "ਤੂੰ ਯੂਨੀਵਰਸਿਟੀ ਵਿਚ ਕਿਉਂ ਨਹੀਂ ਗਈ? ਤਾਂ ਉਸ ਨੇ ਬਿਨਾਂ ਕਿਸੀ ਝਿਜਕ ਦੇ ਉੱਤਰ ਦਿੱਤਾ। "ਮੇਰੇ ਕੋਲ ਏਨਾ ਸਮਾਂ ਹੀ ਕਿੱਥੇ ਹੈ?"

ਬਾਈ ਸਾਲ ਦੀ ਉਮਰ ਤੱਕ ਗਵੈੱਨ ਆਪਣੇ ਦੋ ਕਾਵਿ-ਸੰਗ੍ਰਹਿ "ਸੇਲਹ ਤੇ ਡਰੰਕਨ ਕਲਾਕ" "ਦੀ ਰਾਈਜ਼ਿੰਗ ਫਾਇਰ" ਅਤੇ ਇਕ ਨਾਵਲ

"ਜੂਲੀਅਨ ਦੀ ਮਜੀਸ਼ੀਅਨ" ਪ੍ਰਕਾਸ਼ਿਤ ਕਰ ਚੁੱਕੀ ਸੀ। ਆਪਣੇ ਇਸ ਅਰੰਭਕ ਸਾਲਾਂ ਦੇ ਲੇਖਕਪੁਣੇ ਵਿਚ ਉਹ ਆਪਣੇ ਪਾਠਕਾਂ ਨੂੰ ਸੱਤ ਕਾਵਿ-ਸੰਗ੍ਰਹਿ, ਦੋ ਨਾਵਲ ਅਤੇ ਇਕ ਕਹਾਣੀ ਸੰਗ੍ਰਹਿ ਦੇ ਚੁੱਕੀ ਹੈ। ਜਿਨ੍ਹਾਂ ਚੋਂ "ਆਰਮੀਜ਼ ਆਫ਼ ਦੀ ਮੂਨ", "ਦੀ ਸ਼ੈਡੋ ਮੇਕਰ" "ਦੇ ਬ੍ਰੇਕਫਾਸਟ ਫਾਰ ਦੀ ਬਾਰਬੇਰੀਅਨਜ਼" ਅਤੇ "ਮੈਜਕ ਐਨੀਮਲਜ਼", ਉਸ ਦੇ ਵਧੀਆ ਚਰਚਿਤ ਕਾਵਿ ਸੰਗ੍ਰਹਿ ਹਨ। ਇਸ ਤੋਂ ਇਲਾਵਾ ਉਸ ਦੇ ਕਹਾਣੀ ਸੰਗ੍ਰਹਿ "ਨੋ ਮੈਨ" ਅਤੇ ਇਤਿਹਾਸਕ ਨਾਵਲ "ਕਿੰਗ ਆਫ਼ ਦੀ ਈਜਿਪਟ", ਕਿੰਗ ਆਫ਼ ਦੀ ਡਰੀਮਜ਼" ਉਤੇ ਵੀ ਕਾਫ਼ੀ ਚਰਚਾ ਹੋ ਚੁੱਕੀ ਹੈ। ਕੈਨੇਡਾ ਦੇ ਲੇਖਕਾਂ ਬਾਰੇ ਤਿਆਰ ਕੀਤੀ ਜਾਣ ਵਾਲੀ ਕਿਸੇ ਵੀ ਐਨਥਾਲੋਜੀ ਵਿਚ ਗਵੇਂਨ ਦਾ ਸ਼ਾਮਿਲ ਕੀਤਾ ਜਾਣਾ ਸੁਭਾਵਿਕ ਜਿਹੀ ਗੱਲ ਹੈ। ਗਵੇਂਨ ਦੀ ਨਜ਼ਮਾਂ ਦੇ ਐਲ. ਪੀ. ਰਿਕਾਰਡ ਅਤੇ ਟੇਪਾਂ ਵੀ ਬਣ ਚੁੱਕੀਆਂ ਹਨ। ਰੇਡੀਓ ਅਤੇ ਟੀ. ਵੀ. ਉਤੇ ਉਸ ਦੀ ਕਵਿਤਾ ਦੇ ਪਾਠ ਅਤੇ ਉਸ ਦੇ ਕਾਵਿ-ਨਾਟਕ ਪ੍ਰਸਾਰਿਤ ਹੋ ਚੁੱਕੇ ਹਨ। ਕਵਿਤਾ ਪਾਠ ਦੀ ਉਸ ਦੀ ਲੋਕ ਪ੍ਰੀਅਤਾ ਦਾ ਏਥੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕਈ ਵਾਰੀ ਤਾਂ ਆਲੋਚਕ ਉਸਨੂੰ "ਕੈਨੇਡਾ ਦੀ ਕਵਿਤਾ ਦੀ ਮਲਕਾ" ਅਤੇ ਰੂਸੀ ਪ੍ਰਸਿੱਧ ਕਵੀ ਯੇਵਤੂਸ਼ੈਂਕੋ ਨਾਲ ਤੁਲਣਾ ਕਰਨ ਤੱਕ ਜਾਂਦੇ ਹਨ।

ਇਸ ਬਹੁ-ਪ੍ਰਤਿਭਾਸ਼ਾਲੀ ਲੇਖਕਾ ਨੂੰ ਕੈਨੇਡਾ ਵਿਚ ਪੂਰੀ ਤਰ੍ਹਾਂ ਸਵੀਕਾਰਿਆ ਜਾ ਚੁੱਕਾ ਹੈ। ਅਤੇ ਉਸਨੂੰ ਉਸਦੀ ਪੁਸਤਕ "ਦੀ ਸ਼ੈਡੋ ਮੇਕਰ" ਲਈ 1970 ਵਿਚ ਕੈਨੇਡਾ ਸਰਕਾਰ ਦੇ "ਗਵਰਨਰ ਜਨਰਲ ਦੇ ਪੁਰਸਕਾਰ" ਨਾਲ ਸਨਮਾਨਿਆ ਗਿਆ। ਸੰਨ 1973 ਵਿਚ ਉਸਦੀ ਪੁਸਤਕ "ਦੀ ਆਰਮੀਜ਼ ਆਫ਼ ਦੀ ਮੂਨ" ਨੂੰ "ਦੀ ਏ. ਜੇ. ਐਮ. ਸਮਿਥ ਪੋਇਟਰੀ ਐਵਾਰਡ" ਹਾਸਲ ਹੋਇਆ। ਗਵੇਂਨ ਹੁਣ ਤੱਕ ਇਜ਼ਰਾਈਲ, ਮਿਸਰ ਅਤੇ ਯੂਨਾਨ ਦਾ ਦੌਰਾ ਕਰ ਚੁੱਕੀ ਹੈ

ਗਵੇਂਨ ਦੀ ਕਵਿਤਾ, ਜੋ ਕਿ ਪਹਿਲੀ ਨਜ਼ਰੇ ਕਈ ਵੇਰੀ ਪਾਠਕ ਨੂੰ ਬੜੀ ਸਰਲ ਜਾਪਦੀ ਹੈ। ਅਸਲ ਵਿਚ ਕਈ ਕਈ ਤਹਿਆਂ ਵਿਚ ਲਿਪਟੀ ਹੁੰਦੀ ਹੈ। ਉਹ ਜ਼ਿੰਦਗੀ ਦੇ ਹਰ ਨਿੱਕੇ ਤੋਂ ਨਿੱਕੇ ਪਹਿਲੂ ਅਤੇ ਸਧਾਰਨ ਘਟਨਾਵਾਂ ਛੋਹ ਕੇ, ਇਕ ਨਵੇਂ ਮਿੱਥ ਦੀ ਰਚਨਾ ਕਰਦੀ ਹੈ। ਇਸੇ ਲਈ ਉਹ ਆਪਣੀ ਕਵਿਤਾ ਦੀ ਸਰਲਤਾ ਵਿਚੀ ਦੀ ਕੁਟਿਲਤਾ ਬਾਰੇ ਆਪਣੇ ਪਾਠਕ ਨੂੰ ਪੂਰੀ ਤਰ੍ਹਾਂ ਸਾਵਧਾਨ ਵੀ ਕਰਦੀ ਹੈ। ਜਦੋਂ ਉਹ ਆਪਣੀ ਇਕ ਕਵਿਤਾ ਵਿਚ ਕਹਿੰਦੀ ਹੈ:—

ਮੈਂ ਤੁਹਾਨੂੰ ਕਹਿੰਦੀ ਹਾਂ ਉਸਦਾ ਭੇਤ ਪਾਉਣ ਵਿਚ
ਕਈ ਸਾਲਾਂ ਦਾ ਸਮਾਂ ਲੋੜੀਂਦਾ ਹੈ,
ਕਈ ਸਦੀਆਂ ਚਾਹੀਦੀਆਂ ਹਨ, ਅਤੇ ਜਦੋਂ ਤੁਸੀਂ
ਉਸਨੂੰ ਲੱਭ ਮੁਕੰਮੀ ਪਾਓ ਤਾਂ ਇਕ ਵਾਰ ਮੁੜ ਝਾਤੀ ਮਾਰੋ।
ਮੰਨ ਜਾਓ ਕਿ ਕੋਈ ਆਖਰੀ ਸ਼ੈ ਹੈ ਜਿਸਦਾ
ਨਾਮ ਲੈਂਦੇ ਤੁਸੀਂ ਸ਼ੰਕੋਚ ਕਰੋਗੇ
ਇਕ ਪਰਦਾ; ਇਕ ਤਹਿ ਬਸ ਬਿਲਕੁਲ ਚਮੜੀ ਦੇ ਉਤੇ
ਜੋ ਤੁਸੀਂ ਸਿਰਫ਼ ਆਪਣੀ ਚਾਹਤ ਕਰਕੇ ਹੀ
ਹਟਾ ਨਹੀਂ ਪਾਉਗੇ।
( ਖੋਜ )

ਅਤੇ ਅਜਿਹੀ ਕਵਿਤਾ ਨੂੰ ਸਮਝਣ ਲਈ, ਪਾਠਕ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸ਼ਾਇਰ ਦੀ ਇਸ ਚੇਤਾਵਨੀ ਨੂੰ ਆਪਣੇ ਨਾਲ ਲੈ ਕੇ ਤੁਰੇ। ਕਿਉਂਕਿ ਉਸ ਦੀ ਅਸਲ ਕਵਿਤਾ ਉਸ ਦੇ ਪਹਿਲੀ ਸਤਰ ਦੇ ਸ਼ਬਦਾਂ ਦੇ ਹੇਠਾਂ ਲੁਕੀ ਹੋਈ ਹੈ। ਗਵੇਂਨ ਤੁਹਾਨੂੰ ਮਨ ਦੀਆਂ ਹਨੇਰੀਆਂ ਗੁਫਾਵਾਂ ਵਿਚ ਲੈ ਜਾਣ ਲਈ ਤਿਆਰ ਹੈ। ਜੇਕਰ ਤੁਸੀਂ ਉਸ ਨਾਲ ਤੁਰਨ ਦਾ ਵਾਅਦਾ ਕਰੋ:

ਮੈਂ ਦੁਨੀਆਂ ਨੂੰ ਤਾਰੇ ਵਿਖਾ ਸਕਦੀ ਹਾਂ
ਤੁਹਾਡੀਆਂ ਅੱਖਾਂ ਦੇ ਸਾਹਵੇਂ।
ਮੈਂ ਇਕ ਗਰਹ ਹਾਂ, ਮੈਂ ਇਕ ਰੌਸ਼ਨੀ ਹਾਂ।
ਮੈਨੂੰ ਜਿੱਧਰੇ ਮਾਰ ਦੇਵੋ, ਮੈਂ ਬੰਧਨ ਤੋੜ ਜਾਵਾਂਗੀ

ਸਦਾ ਲੱਭਦੇ ਰਹਿਣ ਲਈ
ਕੇਵਲ ਤੁਸੀਂ ਮੇਰਾ
ਸਾਥ ਦੇਣ ਦਾ ਵਾਅਦਾ ਕਰੋ
(ਕਾਰਨੀਵਾਲ)

ਅਜਿਹੀਆਂ ਸਨ ਦੀਆਂ ਰਹੱਸੀਆਂ ਗੁਫਾਵਾਂ ਵਿਚਾਰਣ ਲੱਗੀ। ਗਏਕ ਆਪਣੀ ਪੁਰਾਣੀ ਪੀੜ੍ਹੀ ਉਤੇ ਇਕ ਭਰਵਾਂ ਵਾਰ ਕਰਦੀ ਹੈ। ਜਦੋਂ ਉਹ ਆਪਣੇ ਆਪ ਨੂੰ ਪੂਰੀ ਦੀ ਪੂਰੀ ਪੁਰਾਣੀ ਪੀੜ੍ਹੀ ਦਾ ਇਕ ਰੂਪ ਮੰਨ ਕੇ ਆਖਦੀ ਹੈ:

ਮੈਨੂੰ ਦੱਸੋ ਮੇਰੀ ਰੂਹ ਦੀਆਂ 'ਕੋਠੀਆਂ ਕੱਚੇਵੀਆਂ
ਕੀ ਸਾਜ਼ਿਸ਼ ਕਰ ਰਹੀਆਂ ਹਨ
ਅਤੇ ਮੇਰੇ ਗੁਨਾਹਾਂ ਦੇ ਗੁਰੀਲੇ ਕਿਥੇ ਛੁਪੇ ਹੋਏ ਹਨ
ਮੈਨੂੰ ਪਤਾ ਹੈ ਕਿ ਹੀਰੋਸ਼ੀਮਾ ਵਿਚਲੇ
ਜਹਾਜ਼ ਦੀ ਕਾਕਪਿਟ ਵਿਚ ਵੀ, ਚੁੱਪ ਦਾ ਹੀ ਪਸਾਰਾ ਸੀ
ਜੀਵਨ ਮੇਰੀ ਖੋਪਰੀ 'ਚ ਚੁੱਪ ਦਾ ਹੀ ਰਾਜ ਹੈ
(ਇਕ ਹੋਰ ਰੱਸ)

ਇਸ ਤਰ੍ਹਾਂ ਕਵਿਤ੍ਰੀ ਆਪਣੇ ਅੰਦਰਲੇ ਅਤੇ ਬਾਹਰਲੇ ਦੇ ਇਕ ਸੁਮੇਲ 'ਚੋਂ ਇਕ ਨਵਾਂ ਤੇ ਜਿਉਂਦਾ ਜਾਗਦਾ ਮਿੱਥ ਘੜਨ ਦੀ ਕੋਸ਼ਿਸ਼ ਕਰਦੀ ਹੈ। ਅਤੇ ਅਜਿਹੇ ਸਮੇਂ ਉਹ ਸਾਰੀ ਸਦੀ ਦੀਆਂ ਖੋਖਲੀਆਂ ਪ੍ਰਾਪਤੀਆਂ ਉਤੇ ਤਕੜਾ ਵਾਰ ਕਰਦੀ ਹੈ। ਜੰਗ, ਗਰੀਬੀ, ਮਾਨਵੀ ਜ਼ੁਲਮਾਂ ਦੇ ਖਿਲਾਫ਼ ਉਹ ਰੋਹ ਭਰੀ ਅਵਾਜ਼ ਵਿਚ ਚੀਕਦੀ ਹੈ। ਅਜਿਹੇ ਸਮੇਂ ਉਹ ਮਿੱਥੇ ਰੂਪ ਵਿਚ ਰੱਬ ਨਾਲ ਸੰਵਾਦ ਕਰਦੀ ਹੈ:

ਓ ਮੇਰੇ ਮਾਲਕਾ, ਕੀ ਮੈਂ ਦੁਨੀਆਂ ਦੇ ਭੁੱਖੇ ਬਾਲਕਾਂ ਨੂੰ
ਗੋਦ ਲੈ ਸਕਾਂਗੀ
ਤਾਂ ਜੁ ਉਨ੍ਹਾਂ ਨੂੰ ਸਭ ਕੁੱਝ ਦੇ ਸਕਾਂ ਤੇ ਖੁਸ਼ ਕਰ ਸਕਾਂ?

ਓ ਪਰਾਣਾਂ ਪਿਆਰਾ ਮਾਲਕਾ
ਤੂੰ ਉਦੋਂ ਕਿਥੇ ਸੈਂ ਜਦੋਂ ਉਨ੍ਹਾਂ ਨੂੰ ਤੇਰੀ ਲੋੜ ਸੀ?
(ਮੈਂ ਰੋਗੀ ਨਹੀਂ ਹਾਂ)

ਇੰਜ ਗਏਕ ਦੀ ਕਵਿਤਾ ਧਰਤੀ ਤੇ ਤੁਰਦੇ ਫਿਰਦੇ ਅਸਲੀ ਲੋਕਾਂ ਦੀ ਕਵਿਤਾ ਹੋ ਨਿਬੜਦੀ ਹੈ। ਉਸ ਦੀ ਕਵਿਤਾ ਵਿਚ "ਯਥਾਰਥ" ਅਤੇ "ਮਿੱਥ" ਕਦਮ ਨਾਲ ਕਦਮ ਮਿਲਾ ਕੇ ਤੁਰਦੇ ਹਨ। ਪਰ ਉਹ ਆਪਣੀ ਕਵਿਤਾ ਵਿਚ ਇਹ ਸਪਸ਼ਟ ਕਰ ਦਿੰਦੀ ਹੈ ਕਿ ਮੇਰਾ ਕਿਸੇ ਵੀ ਸਿਧਾਂਤਬਾਜ਼ੀ ਵਿਚ ਕੋਈ ਵਿਸ਼ਵਾਸ ਨਹੀਂ। ਇਹ ਸਿਧਾਂਤਬਾਜ਼ੀਆਂ ਹਰ ਮਨੁੱਖ ਦੇ ਅੰਦਰਵਾਰ ਹੋ ਰਹੇ ਇਕ ਨਿਰੰਤਰ ਯੁੱਧ ਨੂੰ ਮੱਠਿਆਂ ਕਰਨ ਵਿਚ ਕਦੀ ਸਹਾਈ ਨਹੀਂ ਹੋ ਸਕਦੀਆਂ। ਜਦੋਂ ਉਹ ਆਖਦੀ ਹੈ:

ਮੈਨੂੰ ਸਭ ਵਿਚਾਰਧਾਰਾਵਾਂ ਸੰਗ ਨਫ਼ਰਤ ਹੈ;
ਮੇਰੇ ਕੋਲ ਕਿਸੇ ਸਮਾਜਿਕ ਢਾਂਚੇ ਦੇ ਖਿਲਾਫ਼ ਕੋਈ ਸਾਜ਼ਿਸ਼ ਨਹੀਂ
ਮੈਂ ਕਿੰਨਿਆਂ ਹੀ ਵਰ੍ਹਿਆਂ ਤੋਂ
ਆਪਣੀ ਹੀ ਹੋਂਦ ਬਦਲਣ 'ਚ ਲੀਨ ਹਾਂ।
(ਇਕ ਹੋਰ ਰੱਸ)

ਕਈ ਵਾਰ ਉਹ ਪਾਠਕਾਂ ਨੂੰ ਸ਼ਬਦਾਂ ਦੇ ਦੁਹਰਾਓ ਅਤੇ ਫੋਕਲਪਨ ਵਿਚ ਹੀ ਉਲਝਾ ਦਿੰਦੀ ਹੈ। ਟੀ. ਐਸ. ਈਲੀਅਟ, ਪੌਂਡ ਅਤੇ ਹਾਰਟ ਕਰੇਨ ਜਿਹੇ ਕਵੀਆਂ ਤੋਂ ਪ੍ਰਭਾਵਿਤ ਇਹ ਲੇਖਕ, ਜ਼ਿੰਦਗੀ ਦੇ ਹਰ ਪਹਿਲੂ ਚੋਂ ਆਪਣੇ ਬਿੰਬ ਚੁਣਦੀ ਹੈ। ਇਹ ਸੈਕਸ ਤੋਂ ਲੈ ਕੇ ਧਰਮ, ਅਸਟਰੋਨਮੀ, ਮੈਡੀਸਨ, ਤਰੀਮਨ ਅਤੇ ਕਾਨੂੰਨਾਂ ਦੇ ਅੰਗ ਤੱਕ ਹੋ ਸਕਦੇ ਹਨ। ਸ਼ਾਇਦ ਉਸਨੂੰ ਮਨੁੱਖੀ ਦੁਨੀਆਂ ਵਿਚ ਉਨਾਂ ਵਿਸ਼ਵਾਸ ਨਹੀਂ ਜਿੰਨਾਂ ਕਿ ਇਹਨਾਂ ਬੇਜ਼ੁਬਾਨ ਕਾਨੂੰਨਾਂ 'ਚ ਵਿਸ਼ਵਾਸ ਹੈ। ਸ਼ਾਇਦ ਇਸੇ ਕਰਕੇ ਉਹ ਇਸ ਜਿਉਂਦੀ ਜਾਗਦੀ ਤੇ ਸੁਚੇਤ ਦੁਨੀਆਂ ਤੋਂ ਭੈ ਖਾਂਦੀ ਹੈ।

ਜਦੋਂ ਮੈਂ ਇਸ ਬਾਰੇ ਸੋਚਦੀ ਹਾਂ, ਮੈਂ ਜਾਣਦੀ ਹਾਂ
ਮੇਰੀ ਚੇਤਨਾ ਵਿਚ ਇਹ ਗੱਲਾਂ ਪੂਰੀ ਤਰ੍ਹਾਂ ਸਪੱਸ਼ਟ ਹਨ
ਕਿ ਤਕਰੀਬਨ ਤੀਹ ਸਾਲ
ਮੈਂ ਹਰ ਰੋਜ਼ ਆਪਣੀ ਜਾਨ ਨੂੰ ਆਪਣੀ ਹਥੇਲੀ ਤੇ ਰੱਖੀ-
ਰੱਖਿਆ ਹੈ।
(ਜਦੋਂ ਮੈਂ ਇਸ ਬਾਰੇ ਸੋਚਦੀ ਹਾਂ)

ਜਾਂ ਜਦੋਂ ਉਹ ਆਖਦੀ ਹੈ:

ਮਨ ਵਿਚਲੀ ਉਹ ਸੂਖਮ ਜਿਹੀ ਵੇਦਨਾ
ਜੋ ਏਸੇ ਰੋਗ ਦੇ ਕਾਰਨ ਪੈਦਾ ਹੋਈ,
ਜੋ ਜਿਸਮ ਗਰਦ ਭਰੇ ਆਰਟੀਰੀਅਸ
ਦੁਆਈਆਂ ਜਾਂ ਸ਼ਰਾਬ ਦੀ ਬੂ ਵਿਚ ਹੀ ਨਹੀਂ
ਸਗੋਂ ਇਸ ਜਿਉਂਦੀ ਜਾਗਦੀ ਤੇ ਸੁਚੇਤ ਦੁਨੀਆਂ ਵਿਚ ਹੈ
ਤੇ ਇਹੀ ਇਕ ਚੀਜ਼ ਹੈ
ਜੋ ਜਾਨ ਨੂੰ ਓਪਰਾ ਬਣਾ ਰਹੀ ਹੈ
(ਪਾਗਲਖਾਨੇ ਵਿਚ ਇਕ ਜਾਨ)

ਅਜਿਹੇ ਕਰਮ ਵਿਚ ਕਈ ਵੇਰੀ ਗਹਿਨ ਤੁਹਾਨੂੰ ਸੁਫਨਿਆਂ ਦੀ ਦੁਨੀਆਂ ਵਿਚ ਵੀ ਲੈ ਜਾਂਦੀ ਹੈ। ਜਿਥੇ ਉਹ "ਸਮੇ" ਅਤੇ "ਸਥਾਨ" ਦੀਆਂ ਦੂਰੀਆਂ ਖਤਮ ਕਰ ਦਿੰਦੀਆਂ। ਜਿਥੇ ਉਸਦੀ ਸਾਰੀ ਜ਼ਦੋਜਹਿਦ ਮਨੁੱਖੀ ਜ਼ਿੰਦਗੀ ਦੀ ਸੰਪੂਰਨਤਾ ਦੀ ਪ੍ਰਾਪਤੀ ਵੱਲ ਹੁੰਦੀ ਹੈ। ਨਾਟਕੀ ਅੰਦਾਜ਼ ਉਸਦੀ ਕਵਿਤਾ ਦਾ ਮੁੱਖ ਲੱਛਣ ਹੈ। ਅਤੇ ਇਕ ਕੈਨਵਸ ਵਾਂਗ ਜਿਥੇ ਉਹ ਆਪਣੀ ਕਵਿਤਾ ਦੇ ਚਿੱਤਰ ਉਲੀਕਦੀ ਜਾਂਦੀ ਹੈ। ਉਸਦੀ ਕਵਿਤਾ ਵਿਚ ਵਿਰੋਧੀ ਵਿਚਾਰਾਂ ਦੇ ਟਕਰਾ 'ਚੋਂ ਸੱਚ ਪੈਦਾ ਕੀਤਾ ਜਾਂਦਾ ਹੈ:

ਕਿਉਂ ਜੁ ਮੇਰੀ ਕਵਿਤਾ, ਨਿਰਾ ਝੂਠ ਹੈ
ਏਸੇ ਲਈ ਇਹ ਸੱਚ ਕਹਿਣ ਦਾ ਹੱਕ ਰਖਦੀ।

(ਸੱਚਾ ਝੂਠ ਅਤੇ ਹੀਰੋਸ਼ੀਮਾ)

ਪਰ ਇਸ ਸਥਿਤੀ ਵਿਚ ਵੀ ਉਹ ਪਾਠਕਾਂ ਨੂੰ "ਕੈਮਪਾਸ" ਵਰਗੀਆਂ ਨਿਤ-ਪ੍ਰਤੀ ਜ਼ਿੰਦਗੀ ਵਿਚੋਂ ਪੈਦਾ ਹੋਈਆਂ ਘਟਨਾਵਾਂ 'ਚੋਂ ਹਾਸਰਸ ਕਵਿਤਾਵਾਂ ਦੀ ਪੇਸ਼ ਕਰਦੀ ਹੈ:

ਮੈਂ ਇਸ ਦੇ ਬਦਲੇ ਵਿਚ ਉਸਨੂੰ ਦੇਵਣ ਲਈ
ਜੋ ਕੁਝ ਸੋਚ ਸਾਂ ਸਕਦੀ
ਮੇਰੀ ਇਕ ਪੁਸਤਕ ਹੋਣੀ ਸੀ—
ਇਕ ਬੇਤੁਕਾ ਜਿਹਾ ਤੋਹਫਾ ਹੀ।
ਪਰ ਇਹ ਕਹਿੰਦਿਆਂ ਸਾਰ ਹੀ
ਉਸ ਦੇ ਹੋਠਾਂ ਤੇ
ਇਕ ਮੁਸਕਾਨ ਜੋ ਫੈਲੀ
ਤੇ ਉਸ ਨੇ ਫੁਰਮਾਇਆ,
"ਮੈਂ ਵੀ ਜੀਵਨ ਵਿਚ ਕੁਝ ਲਿਖਿਆ ਹੈ
ਤਾਂ ਜੁ ਜੀਵਨ ਵਿਚ ਅੱਗੇ ਲੰਘ ਜਾਵਾਂ।"
ਤੇ ਮੁੜ ਉਸ ਨੇ ਉਸ ਸਦਾਈ ਸਮੁੰਦਰ ਵਰਗੇ,
ਜਿਸ ਨੂੰ ਉਸ ਗਾਹਿਆ ਸੀ
ਆਪਣੇ ਖੁੱਥੇ ਬਸਤੇ 'ਚੋਂ
ਬੜੇ ਅਦਬ ਸੰਗ, ਕੁਝ ਬਾਹਰ ਕੱਢਿਆ—
- ਜੋ ਸੀ, ਇਕ ਪੁਸਤਕ ਜਿਹੀ ਕਾਪੀ,
ਜਿਸ ਵਿਚ ਉਸ ਨੇ ਕੁਝ ਸੱਚੀਆਂ ਸਤਰਾਂ ਵਿਚ ਸਨ
ਪੈਂਤੀ ਅੱਖਰੀ 'ਚੋਂ,
ਕੁਝ ਪਹਿਲੇ ਅੱਖਰ ਵਾਰੇ।

o

ਪੁਸਤਕ ਚਰਚਾ:

# ਮਿੱਟੀ ਦੀ ਸੁਗੰਧ

ਲੇਖਕ: ਗਿੱਲ ਮੋਰਾਂਵਾਲੀ
ਪ੍ਰਕਾਸ਼ਕ: ਆਰਸੀ ਪਬਲੀਕੇਸ਼ਨਜ਼, 1978

"ਮਿੱਟੀ ਦੀ ਸੁਗੰਧ" ਗਿੱਲ ਮੋਰਾਂਵਾਲੀ ਦੀ ਨਵੀਂ ਪੁਸਤਕ ਹੈ। ਕਵਿਤਾਵਾਂ ਮੁੱਖ ਤੌਰ ਤੇ ਪਿਆਰ ਤੇ ਦੋਸਤੀ ਦੀਆਂ ਹਨ— ਭਾਵਾਂ, ਸ਼ਿਕਵੇ, ਰੋਸੇ, ਖ਼ੁਸ਼ੀਆਂ, ਗ਼ਮੀਆਂ ਸਭ ਕੁਝ ਨਾਲ ਭਰਪੂਰ। ਕੋਈ ਕਵਿਤਾ ਸਿੰਧੂ ਦੇ ਸ਼ੱਤ ਵਾਂਗ ਚੀਰ ਨਹੀਂ ਪਾਉਂਦੀ ਜਾਂਦੀ, ਨਾਂ ਹੀ ਕੋਈ ਰੋੜੇ ਵਾਂਗ ਚੁਭਦੀ ਹੈ ਤੇ ਨਾ ਹੀ ਕੋਈ ਬਿਜਲੀ ਦਾ ਝਟਕਾ ਲਾਉਂਦੀ ਹੈ। ਗਿੱਲ ਦੀਆਂ ਕਵਿਤਾਵਾਂ ਤਾਂ ਸਗੋਂ ਕੂਲੀਆਂ ਕੂਲੀਆਂ ਹਨ – ਸਰਲ ਤੇ ਮਾਸੂਮ ਜਿਹੀਆਂ, ਨਿੱਕੀਆਂ ਨਿੱਕੀਆਂ ਸਤਰਾਂ ਤੇ ਸਾਦੇ ਸਾਦੇ ਖ਼ਿਆਲ। ਬਹੁਤੀਆਂ ਕਵਿਤਾਵਾਂ ਗ਼ਜ਼ਲ ਵਰਗੀਆਂ ਹਨ, ਪੜ੍ਹਨ ਨਾਲੋਂ ਮਹਿਫ਼ਲ ਚ ਗਾ ਕੇ ਜ਼ਿਆਦਾ ਅਨੰਦ ਦੇਣ ਵਾਲੀਆਂ। ਪਿਆਰ ਦੀ ਸਾਦਗੀ ਕਵਿਤਾਵਾਂ ਦਾ ਵੱਡਾ ਗੁਣ ਹੈ; ਕੁਝ ਖ਼ੂਬਸੂਰਤ ਨਮੂਨੇ ਹਾਜ਼ਰ ਹਨ:

ਤੇਰੇ ਨਾਲ ਮੈਂ
ਜਿਤਨੀ ਗੁਜ਼ਾਰੀ ਹੈ
ਹਾਸਣ ਹਾਸਣ ਉਹ
ਜ਼ਿੰਦਗੀ ਸਾਰੀ ਹੈ

•

ਤੇਰਾ ਜ਼ੋਰੋਂ ਦੀ
ਜ਼ਿਆਦਾ ਹੋਇਆ ਹੈ
ਤੁਫ਼ਾਨਾਂ ਵਿਚ ਵੀ
ਗੁਜ਼ਾਰਾ ਹੋਇਆ ਹੈ

•

ਸੋਹੀ ਆਪਣੀ ਹੀ
ਗੱਲ ਹੋਰ ਹੈ
ਸੀਨੇ ਚ ਉਸ ਦੇ
ਛੱਲ ਹੋਰ ਹੈ

ਕਵਿਤਾਵਾਂ ਦੀਆਂ ਦਸ ਕਿਤਾਬਾਂ ਲਿਖ ਕੇ ਗਿੱਲ ਨੂੰ ਹੁਣ ਕਿਸੇ ਤੋਂ ਆਪਣੀ ਜਾਣ ਪਛਾਣ ਕਰਵਾਉਣ ਦੀ ਜ਼ਰੂਰਤ ਨਹੀਂ। ਉਸਨੇ ਆਪਣੀ ਪਿਆਰ-ਵਿੱਥੀ ਨੂੰ ਅੰਗ ਅੰਗ ਕੇ ਸ਼ਿੰਗਾਰ ਲਿਆ ਹੈ। ਲੋੜ ਹੈ ਪਿਆਰ ਦੀ ਸਾਮੱਗਰੀ ਨੂੰ ਬਹੁਰੰਗਾ ਬਣਾਉਣ ਦੀ, ਅਨੁਭਵ ਨੂੰ ਬਹੁ-ਦਿਸ਼ਾ (multidimentional) ਫੈਲੌਣ ਦੀ। ਗਿੱਲ ਨੂੰ ਮੇਰਾ ਇਕ ਸੁਝਾ ਹੈ: ਜਿਸਤਰ੍ਹਾਂ ਉਸਨੇ ਜੀਵਨ ਵਿਚ ਬਦੇਸ਼ ਅਫ਼ਰੀਕਾ ਵਰਗੇ ਨਵੇਂ ਤੇ ਤਲਖ਼ ਤਜਰਬੇ ਕੀਤੇ ਹਨ ਉਸੇ ਤਰ੍ਹਾਂ ਉਸ ਦੀ ਕਲਪਨਾ ਨੂੰ ਵੀ ਚਾਹੀਦਾ ਹੈ ਕਦੇ ਕਦੇ ਸੁਨਹਿਰੀ ਸੜਕਾਂ ਛੱਡ ਝਾੜੀਦਾਰ ਜੰਗਲਾਂ ਵਿੱਚ ਗੁਆਚਿਆ ਕਰੇ, ਖਾਰੇ ਸਮੁੰਦਰ ਵਿੱਚ ਡੂੰਘੀ ਗੋਤਾ ਲਾਇਆ ਕਰੇ, ਤੱਤੇ ਲੋਹੇ ਨੂੰ ਹੱਥ ਲਾਇਆ ਕਰੇ....

ਗਿੱਲ ਨੂੰ ਜਿਸ ਕਦਰ ਕਵਿਤਾ ਨਾਲ ਮੋਹ ਹੈ ਅਤੇ ਜਿਸ ਲਗਨ ਨਾਲ ਉਹ ਲਿਖ ਰਿਹਾ ਹੈ ਉਹ ਜ਼ਰੂਰ ਹੀ ਪੰਜਾਬੀ ਕਵਿਤਾ ਵਿਚ ਆਪਣਾ ਸਥਾਨ ਬਣਾ ਲਵੇਗਾ। ਉਮੀਦ ਹੈ ਉਹ ਆਪਣੀ ਅਗਲੀ ਪੁਸਤਕ ਵਿਚ ਨਵੀਆਂ ਦਿਸ਼ਾਵਾਂ ਵੱਲ ਕਦਮ ਪੁੱਟੇਗਾ।

ਅਜਮੇਰ ਰੋਡੇ


## ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ

ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ

ਮਿਸਿਜ਼ ਮਡੇਲਾ 251-3697

Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.

**TELEPHONE: 251-3697**

**YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!**

## HARPAL TOOR

Res. 524-9848
Off. 324-3888

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਨਕਦ ਵੇਚਣ ਲਈ



ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ।

REALTOR

T. J. LOVEROCK REALTY
5316 Victoria Dr., Van. B.C.

ਕਹਾਣੀ

# ਖ਼ੁਸ਼ੀ

ਪਰਮਜੀਤ (ਪੋਰਟ ਅਲਬਰਨੀ)

ਅੱਜ ਤੋਂ ਚਾਰ ਕੁ ਮਹੀਨੇ ਪਹਿਲਾਂ ਪਿੰਕੀ ਨੂੰ ਉਹ ਇਕ ਵਿਆਹ ਦੀ ਪਾਰਟੀ ਤੇ ਮਿਲੀ ਸੀ। ਆਈ ਤੇ ਆਪਣੇ ਹਸਬੈਂਡ ਹਰਦੀਪ ਨਾਲ ਸੀ ਪਰ ਉਹ ਜਲਦੀ ਵਾਪਸ ਚਲੇ ਗਿਆ। ਉਹਨੇ ਦੱਸਿਆ ਕਿ ਜਦ ਹਰਦੀਪ ਸ਼ਰਾਬੀ ਹੋ ਜਾਵੇ ਚੁੱਪ ਕਰਕੇ ਘਰ ਜਾ ਕੇ ਸੌਂ ਜਾਂਦਾ ਹੈ। ਪਿੰਕੀ ਨੇ ਉਸਨੂੰ ਵੇਖਿਆ ਤੇ ਆਪਣੀ ਜਵਾਨੀ ਨਾਲ ਕਈ ਵਾਰ ਸੀ ਪਰ ਮੁਲਾਕਾਤ ਉਸੇ ਦਿਨ ਹੋਈ ਸੀ। ਉਸਦੀਆਂ ਗੱਲਾਂ ਬਾਤਾਂ ਤੋਂ ਪਤਾ ਲੱਗਾ ਕਿ ਬੀ.ਏ. ਵਿਚਕਾਰ ਛੱਡ ਕੇ ਹੀ ਕਨੇਡਾ ਆ ਗਈ ਹੈ। ਪਿੰਕੀ ਦਾ ਦਿਲ ਲੋਚ ਰਿਹਾ ਸੀ ਉਸ ਨਾਲ ਕਾਲਜ-ਵਾਤਾਵਰਣ ਦੀਆਂ ਗੱਲਾਂ ਕਰਨ ਨੂੰ, ਪਰ ਉਥੇ ਅੱਠ ਦਸ ਹੋਰ ਰਿਸ਼ਤੇਦਾਰ ਕੁੜੀਆਂ ਦੇ ਹੋਣ ਕਰਕੇ ਇਕ ਤਰ੍ਹਾਂ ਕਾਵਾਂ-ਰੌਲੀ ਜਿਹੀ ਪਈ ਹੋਈ ਸੀ। ਜਲਦੀ ਹੀ ਉਹ ਟੋਲਾ ਆਪਣੀ ਅਸਲੀ ਜ਼ਾਤ ਤੇ ਉਤਰ ਆਇਆ:

"ਤੁਹਾਡੇ ਹਸਬੈਂਡ ਨੇ ਜਿਹੜੀ ਗੋਰੀ ਰੱਖੀ ਹੋਈ ਸੀ, ਅੱਜ ਕਲ੍ਹ ਉਹ ਕਿਥੇ ਰਹਿੰਦੀ ਹੈ?" ਇਕ ਨੇ ਜਿਵੇਂ ਹਮਦਰਦੀ ਵਿਚ ਕਿਹਾ।

"ਉਹ ਤਾਂ ਅਲਬਰਟਾ ਚਲੇ ਗਈ ਹੈ — ਬਹੁਤ ਸੋਹਣੀ ਸੀ ਨਾ — ਮੈਨੂੰ ਉਸ ਬਾਰੇ ਹਰਦੀਪ ਨੇ ਇੰਡੀਆ ਹੀ ਦਸ ਦਿਤਾ ਸੀ।" ਜਵਾਬ ਵਿਚ ਸ਼ਰਨੀ ਬੋਲੀ।

"ਉਹ ਤਾਂ ਕਈ ਸਾਲ ਤੁਹਾਡੇ ਹਸਬੈਂਡ ਨਾਲ ਅਪਾਰਟਮੈਂਟ ਵਿਚ ਰਹਿੰਦੀ ਰਹੀ ਸੀ, ਤੁਹਾਨੂੰ ਕਦੀ ਗੁੱਸਾ ਨਹੀਂ ਆਇਆ?" ਦੂਸਰੀ ਪਿੱਛੇ ਨਾ ਰਹਿੰਦੀ ਹੋਈ ਬੋਲੀ।

"ਮੈਨੂੰ ਕਾਹਦਾ ਗੁੱਸਾ? — ਹਰਦੀਪ ਨੇ ਸਭ ਕੁੱਝ ਮੈਨੂੰ, ਮੇਰੇ ਘਰਦਿਆਂ ਨੂੰ ਵਿਆਹ ਤੋਂ ਪਹਿਲਾਂ ਹੀ ਦਸ ਦਿਤਾ ਸੀ; ਹੁਣ ਉਸਦਾ ਉਸ ਨਾਲ ਕੋਈ ਸੰਬੰਧ ਨਹੀਂ। ਮੈਨੂੰ ਮਾਣ ਹੈ ਮੇਰੇ ਹਸਬੈਂਡ ਨੇ ਮੇਰੇ ਤੋਂ ਕੁਝ ਵੀ ਛੁਪਾ ਕੇ ਨਹੀਂ ਰੱਖਿਆ।" ਉਸ ਦਾ ਮੂੰਹ ਉਸੇ ਤਰ੍ਹਾਂ ਲਾਲ ਸੀ; ਪਰ ਪਿੰਕੀ ਦਾ ਦਿਲ ਜਿਵੇਂ ਬੁਝ ਗਿਆ।

ਇਸੇ ਤਰ੍ਹਾਂ ਕਾਫ਼ੀ ਦੇਰ ਹਾਸਾ ਮਖ਼ੌਲ (ਜ਼ਿਆਦਾ ਵਿਅੰਗ) ਚਲਦਾ ਰਿਹਾ। ਜਦੋਂ ਵੀ ਸ਼ਰਨੀ ਪਿੰਕੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੀ ਤਾਂ ਪਿੰਕੀ ਦੀ ਜੇਠਾਣੀ ਘੂਰ ਘੂਰ ਕੇ ਵੇਖਦੀ। ਰੋਟੀ ਆਦਿ ਖਾ ਚੁਕਣ ਤੋਂ ਬਾਅਦ ਸ਼ਰਨੀ ਇਕ ਕੁੜੀ ਨਾਲ ਆਪਣੇ ਘਰ ਚਲੇ ਗਈ। ਉਹ ਕੁੜੀ ਜਾਣ ਲਗੀ ਪਿੰਕੀ ਵੱਲ ਇਵੇਂ ਵੇਖ ਰਹੀ ਸੀ ਜਿਵੇਂ ਕਹਿ ਰਹੀ ਹੋਵੇ, ਕਿ ਇਹ ਤੇਰੀ ਸਹੇਲੀ ਨਹੀਂ।

ਥੋੜੇ ਹੀ ਦਿਨਾਂ ਬਾਅਦ ਸ਼ਰਨੀ ਪਿੰਕੀ ਨੂੰ ਇਕ ਸਟੋਰ ਵਿਚ ਮਿਲ ਪਈ ਤੇ ਉਸਦੇ ਨਾਲ ਹੀ ਆ ਗਈ।

"ਭਲਾ ਪਿੰਕੀ ਤੇਰੇ ਰਿਸ਼ਤੇਦਾਰ ਤੇ ਉਨ੍ਹਾਂ ਨਾਲ ਮਿਲਵਰਤਨ ਵਾਲਿਆਂ ਦਾ ਤੇਰੇ ਨਾਲ ਕੀ ਵੈਰ ਹੈ? ਤੇਰੇ ਬਾਰੇ ਤੇ ਤੇਰੇ ਹਸਬੈਂਡ ਬਾਰੇ ਬੜੀਆਂ ਅਜੀਬ ੨ ਗੱਲਾਂ ਕਰਦੇ ਹਨ।" ਸ਼ਰਨੀ ਬੈਠਦੀ ਹੋਈ ਬੋਲੀ।

"ਤੂੰ ਨਵੀਂ ਏਂ, ਇਕ ਦਿਨ ਤੂੰ ਵੀ ਇਨ੍ਹਾਂ ਵਿਚ ਰਲ ਜਾਣਾ ਹੈ। ਤੇਰਾ ਦਿਲ ਭਾਵੇਂ ਨਾ ਮੰਨੇ ਪਰ ਲੋਕਾਂ ਨਾਲੋਂ ਟੁੱਟਣਾ ਬੜਾ ਔਖਾ ਹੈ।" ਪਿੰਕੀ ਬੋਲੀ।

"ਪਰ ਆਖ਼ਰ ਗੱਲ ਤਾਂ ਕੋਈ ਹੋਵੇਗੀ — ਕਿਉਂ ਸਾਰੇ ਤੇਰੇ ਹਸਬੈਂਡ ਦੇ ਵਿਰੁਧ ਹਨ?"

"ਕਿਉਂਕਿ ਉਹ ਮਿੱਲਾਂ ਵਿਚ ਕੰਮ ਨਹੀਂ ਕਰਦਾ — ਕੈਂਪਾਂ ਵਿਚ ਕੰਮ ਨਹੀਂ ਕਰਦਾ, ਸਰਕਾਰੀ ਨੌਕਰੀ ਕਰਦਾ ਹੈ। ਅਸੀਂ ਸਾਦਾ ਵਿਆਹ ਕੀਤਾ ਹੈ — ਲੋਕਾਂ ਨੂੰ ਕਿਉਂ ਨਹੀਂ ਬੁਲਾਇਆ, ਗੁਰਦੁਆਰੇ ਦਾਨ ਨਹੀਂ ਦਿੰਦੇ; ਕਿਸੇ ਦੇ ਮੂੰਹ ਤੇ ਚੋਪੜੀਆਂ ਪਿੱਠ ਪਿੱਛੇ ਨਿੰਦਾ ਨਹੀਂ ਕਰਦੇ; ਸਦਾ ਸੱਚ ਮੂੰਹੋਂ ਨਿਕਲ ਜਾਂਦਾ ਹੈ; ਲੋਕਾਂ ਨਾਲ, ਰਿਸ਼ਤੇਦਾਰਾਂ ਨਾਲ ਕਪੜਿਆਂ ਤੇ ਗਹਿਣਿਆਂ ਦਾ ਵਟਾਂਦਰਾ ਨਹੀਂ ਕਰਦੇ (ਜਿਹਨੂੰ ਅਸਲੀ ਮਿਲਣਾ ਵਰਤਣਾ ਕਹਿੰਦੇ ਹਨ); ਮੇਰਾ ਹਸਬੈਂਡ ਸ਼ਰਾਬ ਨਹੀਂ ਪੀਂਦਾ, ਕਲੱਬਾਂ ਵਿਚ ਨਹੀਂ ਜਾਂਦਾ, ਜੂਆ ਨਹੀਂ ਖੇਡਦਾ (ਜਦ ਕਿ ਇਹ 50% ਲੋਕ ਇਹ ਕੰਮ ਕਰਦੇ ਹਨ) ਇਸ ਕਰਕੇ ਉਸਦਾ ਕੋਈ ਫਰੈਂਡ ਨਹੀਂ; ਉਸਦੇ ਮਗਰ ਹੀ, ਮੇਰੀ ਕੋਈ ਫਰੈਂਡ ਹੋ ਸਕਦੀ ਹੈ। ਕਿਉਂਕਿ ਲੋਕਾਂ ਦਾ ਦਿੱਲ ਜਿੱਤਣ ਲਈ ਸਾਡੇ ਕੋਲ ਝੂਠਾ ਸੱਚਾ ਮਸਾਲਾ ਨਹੀਂ, ਇਸ ਕਰਕੇ ਅਸੀਂ ਕਾਫ਼ੀ ਬਦਨਾਮ ਹਾਂ। ਤੂੰ ਸੋਚ ਲੈ, ਇਥੇ ਕੋਈ ਕਿਸੇ ਦਾ ਸਕਾ ਨਹੀਂ।" ਪਿੰਕੀ ਨੇ ਇਕੋ ਸਾਹੇ ਕਹਿ ਦਿਤਾ।

"ਤੂੰ ਫ਼ਿਕਰ ਨਾ ਕਰ, ਤੈਨੂੰ ਕੀ ਪਤੈ ਆਪਣੇ ਸਹੁਰਿਆਂ ਬਾਰੇ ਮੈਂ ਕੀ ਕੀ ਗੱਲਾਂ ਸੁਣੀਆਂ ਹਨ, ਮੈਨੂੰ ਕਿਸੇ ਦੀ ਪਰਵਾਹ ਨਹੀਂ। ਮੈਨੂੰ ਵੇਖ ਕੇ ਤੁਰੇ ਜਾਂਦੇ ਲੋਕ ਖੜ੍ਹ ਜਾਂਦੇ ਹਨ — ਹੈਂ! ਫਲਾਣੇ ਦੀ ਨੂੰਹ!! ਵਹੁਟੀ ਕਿਹੜੀ? ਪਤਾ ਨਹੀਂ ਵੱਡੇ ਦੀ ਕਿ ਛੋਟੇ ਦੀ? ਲੋਕਾਂ ਨੂੰ ਇਹ ਪਤਾ ਹੈ ਕਿ ਮੈਂ ਬਿਸ਼ਨੇ ਦੀ ਨੂੰਹ ਹਾਂ; ਵਿਆਹ ਕੇ ਕੌਣ ਲਿਆਇਆ ਇਹ ਨਹੀਂ ਪਤਾ।" ਸ਼ਰਨੀ ਨੇ ਕੁਝ ਆਪਣੇ ਬਾਰੇ ਦਸਿਆ।

ਜਦੋਂ ਪਿੰਕੀ ਦੀ ਜੇਠਾਣੀ ਨੂੰ ਪਤਾ ਲੱਗਾ ਕਿ ਸ਼ਰਨੀ ਉਸਦੀਆਂ ਖੱਟੀਆਂ ਮਿੱਠੀਆਂ ਸੁਣਨ ਦੀ ਥਾਂ ਹਰ ਰੋਜ਼ ਪਿੰਕੀ ਦੇ ਘਰ ਜਾਂਦੀ ਹੈ ਤਾਂ ਉਸਨੂੰ ਸੱਤੀਂ ਕਪੜੀਂ ਅੱਗ ਲਗ ਗਈ। ਅੱਜ ਤਕ ਕਿਸੇ ਨਾਲ ਪਿੰਕੀ ਦੀ ਬਣਨ ਨਹੀਂ ਸੀ ਦਿਤੀ

ਫ਼ੋਨ ਤੇ ਸ਼ਰਨੀ ਨੂੰ ਸਮਝਾਉਣਾ ਸ਼ੁਰੂ ਕਰ ਦਿਤਾ: ਤੈਨੂੰ ਪਤਾ ਨਹੀਂ ਪਿੰਕੀ ਕਿਸੇ ਦੇ ਆਉਂਦੀ ਜਾਂਦੀ ਨਹੀਂ; ਕਿਸੇ ਦੇ ਬੱਚੇ ਦਾ ਜਨਮ ਦਿਨ ਹੋਵੇ ਤਾਂ ਤੋਹਫ਼ੇ ਜਾਂ ਕਾਰਡ ਨਹੀਂ ਦੇਂਦੀ; ਕਿਸੇ ਦੇ ਵਿਆਹ ਤੇ ਨਹੀਂ ਜਾਂਦੀ। ਜੇਹੇ ਦੇਣ ਓਥਾਂ ਭਲਾ ਕਾਹਦਾ ਮਿਲ-ਵਰਤਣ? ਜੈਸੀ ਸੰਗਤ ਵੈਸੀ ਰੰਗਤ— ਮੇਰਾ ਫ਼ਰਜ਼ ਏ ਤੈਨੂੰ ਸਮਝਾਉਣਾ। ਮੇਰਾ ਕਿਉਂ ਵਿੱਟਣੀਆਂ ਦੇ ਫੇਰ ਏ। ਉਨ੍ਹਾਂ ਦੇ ਘਰ ਨਾ ਜਾਇਆ ਕਰ, ਫਰ ਅਸੀਂ ਨਹੀਂ ਜਾਂਦੇ (ਜਦ ਕਿ ਉਹ ਆਪਣੇ ਮਨ੍ਹੇ ਨੂੰ ਚੰਗੀ ਭੁਰੀ ਸੀ ਕਿ ਪਿੰਕੀ ਦੇ ਮੈਂ ਪੈਰੀਂ ਹੱਥ ਲਾਉਣ ਨੂੰ ਤਿਆਰ ਹਾਂ; ਪਿਛਲੀਆਂ ਗੱਲਾਂ ਭੁੱਲ ਜਾਵੇ ਤੇ ਸਾਡੇ ਘਰ ਆਇਆ ਕਰੇ।)

ਖ਼ੈਰ ਮਹੀਨਾ ਕੁ ਲੰਘ ਗਿਆ, ਗੱਲ ਜ਼ਨਾਨੀਆਂ ਤਕ ਹੀ ਸੀਮਤ ਰਹੀ। ਇਕ ਦਿਨ ਪਿੰਕੀ ਦੇ ਹਸਬੈਂਡ ਨੇ ਕਿਸੇ ਕੰਮ ਵਿਕਟੋਰੀਆ ਜਾਣਾ ਸੀ— ਪਿੰਕੀ ਤੇ ਸ਼ਰਨੀ ਨੇ ਸਲਾਹ ਕੀਤੀ ਕਿ ਆਪਾਂ ਵੀ ਚਲੀਏ ਸ਼ਾਪਿੰਗ ਕਰਾਂਗੇ (ਸ਼ਰਨੀ ਦਾ ਹਸਬੈਂਡ ਉਹਨੂੰ ਕਿਤੇ ਨਹੀਂ ਲੈ ਕੇ ਜਾਂਦਾ ਸੀ, ਇਥੋਂ ਤੱਕ ਕਿ ਗਰੋਸਰੀ ਵੀ ਉਹ ਆਪ ਲਿਆਉਂਦਾ ਸੀ।)

ਦੂਸਰੇ ਦਿਨ ਸਵੇਰੇ ਸਵੇਰੇ ਸ਼ਰਨੀ ਦਾ ਫੋਨ ਆਇਆ: "ਪਿੰਕੀ ਤੇਰੀ ਜਠਾਣੀ ਤੇ ਜੇਠ ਨੇ ਹਰਦੀਪ ਨੂੰ ਬਹੁਤ ਕੁਝ ਸਿਖਾਇਆ ਹੈ ਕਿ ਸਾਡਾ ਭਰਾ ਤਾਂ ਧਰਮਾਤਮਾ ਹੈ ਉਹਦੇ ਨਾਲ ਆਪਣੀ ਵਾਈਫ਼ ਕਿਉਂ ਭੇਜੀ? ਫਿਰ ਪਤਾ ਲਗੇਗਾ ਜਦ ਉਹ ਉਹਨੂੰ ਵਿਗੜੇ ਕੰਮ ਕਰ ਦੇਵੇਗਾ।" ਹੋਰ ਵੀ ਗੱਲਾਂ ਸ਼ਰਨੀ ਨੇ ਦੱਸੀਆਂ ਪਰ ਪਿੰਕੀ ਲਈ ਕੁਝ ਵੀ ਨਵਾਂ ਨਹੀਂ ਸੀ। ਪਿੰਕੀ ਦੀ ਜਠਾਣੀ ਜੀਤੋ ਅੱਗੇ ਵੀ ਇਕ ਵਾਰ ਏਦਾਂ ਦਾ ਸੜੇਲਪੁਣਾ ਕਰ ਚੁਕੀ ਸੀ ਜਿਨ੍ਹਾਂ ਨੂੰ ਇਹ ਤਾਂ ਚੇਤਾ ਨਹੀਂ ਸੀ ਕਿ ਸਾਡੇ ਹਸਬੈਂਡ ਜੂਆ ਖੇਡਦੇ ਹਨ; ਅਮਰੀਕਾ ਜਾ ਕੇ ਗੋਰੀਆਂ ਨਾਲ ਰੰਗਰਲੀਆਂ ਮਨਾਉਂਦੇ ਹਨ। ਪਰ ਪਿੰਕੀ ਤੇ ਸ਼ਰਨੀ ਇਕ ਰਹੀਆਂ।

ਪਰੰਤੂ ਨਾਰਦਮੁਨੀ ਦੀ ਉਲਾਦ ਕਿੰਨੀ ਕੁ ਦੇਰ ਸਬਰ ਕਰ ਸਕਦੀ ਸੀ। ਸ਼ਰਨੀ ਦਾ ਹਸਬੈਂਡ ਕਨੇਡਾ ਦਾ ਜੰਮਪਲ ਸੀ। ਜਿਸ ਦੇ ਮਾਂ ਪਿਉ ਅੱਜ ਤੋਂ ਕੋਈ ਤੀਹ ਕੁ ਸਾਲ ਪਹਿਲਾਂ ਇੰਡੀਆ ਤਾਂ ਛੱਡ ਆਏ ਸਨ ਪਰ ਇੰਡੀਆ ਦੇ ਅਠਾਰਵੀਂ ਸਦੀ ਦੇ ਰੀਤੀ ਰਿਵਾਜ ਆਪ ਤਾਂ ਕੀ ਛਡਦੇ— ਹਰਦੀਪ ਨੂੰ ਜਨਮ ਦੇ ਕੇ... ਰਿਵਾਜਾਂ ਨੂੰ ਵੀ ਵਾਰਿਸ ਸੌਂਪਿਆ। ਉਹ ਮੁੜਕੇ ਇੰਡੀਆ ਨਾ ਗਏ। ਇੰਡੀਆ ਬਦਲ ਗਿਆ— ਔਰਤ ਮਰਦ ਬਰਾਬਰ ਹਨ; ਪਰ ਕਨੇਡੀਅਨ-ਭਾਰਤੀਆਂ ਦੇ ਰਿਵਾਜ (ਸਿਰਫ਼ ਪਤਨੀ ਲਈ— ਆਗਿਆਕਾਰੀ ਹੋਵੇ, ਪੇਕਿਆਂ ਨੂੰ ਗਾਲ਼ਾਂ ਤੇ ਆਪ ਜੁੱਤੀਆਂ ਖਾ ਸਕਦੀ ਹੋਵੇ ਪਰ ਘਰੋਂ ਬਾਹਰ ਗੱਲ ਕਰਨ ਦੀ ਜੁਅੱਰਤ ਨਾ ਕਰੇ, ਪੈਰ ਬਾਹਰ ਕੱਢਣਾ ਤਾਂ ਬਹੁਤ ਦੂਰ ਹੈ) ਉਨ੍ਹਾਂ ਦੀਆਂ ਹੱਡੀਆਂ ਵਿਚ ਹਨ।

ਸੋ ਪਿੰਕੀ ਦੇ ਜੇਠ ਜੀਤ ਨੇ ਹਰਦੀਪ ਨੂੰ ਸਿਖਾਉਣਾ ਸ਼ੁਰੂ ਕਰ ਦਿਤਾ ਕਿ ਜੋ ਕੁੜੀਆਂ ਇੰਡੀਆ ਵਿਚ ਕਾਲਜ ਪੜ੍ਹ ਜਾਣ ਖ਼ਰਾਬ ਹੁੰਦੀਆਂ ਹਨ। ਹਸਬੈਂਡ ਦੀ ਬਰਾਬਰੀ ਕਰਦੀਆਂ ਹਨ (ਜਦ ਕਿ ਕਾਲਜ ਪੜ੍ਹੀਆਂ ਕੁੜੀਆਂ ਕਦੀ ਭੈੜਾ ਮੇਕ-ਅੱਪ, ਭੜਕੀਲੇ ਚਮਕੀਲੇ ਕਪੜੇ ਨਹੀਂ ਪਾਉਂਦੀਆਂ)। ਲੋਕਾਂ ਕੋਲ ਤੇਰੀ ਵਾਈਫ਼ ਤੇਰੀਆਂ ਗੱਲਾਂ ਕਰਦੀ ਹੈ ਕਿ ਤੇਰੀਆਂ ਗੋਰੀਆਂ girl-friends ਸਨ। ਹਰਦੀਪ ਤੇ ਬਿਲਕੁਲ ਭੋਲਾ ਸੀ ਸਿਰਫ਼ ਐਨਾ ਕੁ ਨੁਕਸ ਸੀ ਕਿ ਪਾਣੀ ਦੇ ਥਾਂ ਸ਼ਰਾਬ ਪੀਂਦਾ ਸੀ। ਪਹਿਲਾਂ ਉਹ ਸ਼ਰਨੀ ਨੂੰ ਬਹੁਤ ਪਿਆਰ ਕਰਦਾ ਸੀ ਪਰ ਫਿਰ ਰੋਜ਼ ਲੜਾਈ ਹੋਣ ਲਗ ਪਈ। ਪਰ ਸ਼ਰਨੀ ਨੇ ਕਦੀ ਪਿੰਕੀ ਨੂੰ ਕੁਝ ਨਹੀਂ ਦਸਿਆ ਸੀ; ਉਂਞ ਕਈ ਵਾਰ ਪਿੰਕੀ ਨੇ ਦੇਖਿਆ ਕਿ ਸ਼ਰਨੀ ਦੇ ਗੱਲ੍ਹਾਂ ਬਾਹਾਂ ਤੇ ਕੂਹਣੀਆਂ ਆਦਿ ਨੀਲ ਪਏ ਹੁੰਦੇ (ਇਹ ਕਾਲਜ ਪੜ੍ਹੀ ਹੋਈ, ਬਿਲਡਿੰਗ-ਇਨਸਪੈਕਟਰ ਦੀ ਧੀ ਤੇ ਦੌਲਤ ਦੇ ਆਸਰ ਦੀ ਨੂੰਹ, ਉਮਰ 19 ਸਾਲ, ਕਾਫ਼ੀ ਸੁਹਣੀ ... ਪਰ ਪਿੰਕੀ ਦੇਖਦੀ ਕਿਸਮਤ ਨੇ ਇਹਦੇ ਨਾਲ ਕਿਹੋ ਜਿਹਾ ਮਖੌਲ ਕੀਤਾ ਸੀ)।

ਇਕ ਸ਼ਾਮ ਸ਼ਰਨੀ ਨੇ ਪਿੰਕੀ ਨੂੰ ਫੋਨ ਕਰਕੇ ਆਪਣੇ ਘਰ ਬੁਲਾਇਆ। ਪਿੰਕੀ ਇਹ ਦੇਖ ਕੇ ਹੈਰਾਨ ਹੋ ਗਈ ਕਿ ਸ਼ਰਨੀ ਲਹੂ ਲੁਹਾਣ ਸੀ। ਉਸਦਾ ਹਸਬੈਂਡ ਅਜੇ ਵੀ ਉਸਨੂੰ ਧੱਕੇ ਮਾਰ ਰਿਹਾ ਸੀ; ਉਸਦੀ ਸੱਸ ਕੋਲ ਖਲੋਤੀ ਮਗਰ ਪੁੱਤਰ ਦੇ ਕੌਤਕ ਦੇਖ ਰਹੀ ਸੀ ਕਿ ਕਿਵੇਂ ਦੰਮ ਕਰਨੀ ਜਾਣਦਾ ਹੈ। ਪਿੰਕੀ ਨੂੰ ਦੇਖਦਿਆਂ ਸ਼ਰਨੀ ਉਸ ਨਾਲ ਲਿਪਟ ਗਈ ਤੇ ਉੱਚੀ ਉੱਚੀ ਰੋਣ ਲੱਗ ਪਈ ਕਿ ਤੂੰ ਮੈਨੂੰ ਇਥੋਂ ਲੈ ਜਾ, ਮੈਂ ਨਹੀਂ ਕੰਜਰਾਂ ਦੇ ਘਰ ਰਹਿਣਾ। ਪਿੰਕੀ ਦੁਬਿਧਾ ਵਿਚ ਫਸੀ ਹੋਈ ਸੀ ਕਿ ਕੀ ਕਰੇ ਜਦੋਂ ਨੂੰ ਹਰਦੀਪ ਨੇ ਇਕ ਝਟਕੇ ਨਾਲ ਸ਼ਰਨੀ ਨੂੰ ਬਾਹਾਂ ਤੋਂ ਫੜਕੇ ਪੌੜੀਆਂ ਵਿਚ ਪਟਕਾ ਮਾਰਿਆ।

"ਤੂੰ ਮੈਨੂੰ ਛਿੱਤਰ ਪੈਂਦੇ ਦੇਖਣ ਆਈ ਏਂ; ਤੇਰੇ ਥਾਂ ਸਾਡੀ ਕੋਈ ਹੁੰਦੀ ਕੀ ਉਹ ਸਾਡੀ ਇਹ ਦੁਰਦਸ਼ਾ ਦੇਖ ਸਕਦੀ ਸੀ?" ਸ਼ਰਨੀ ਰੋ ਰਹੀ ਸੀ। ਪਰ ਪਿੰਕੀ ਕੀ ਕਰੇ ਕਿ ਮੈਂ ਲੋਕਾਂ ਤੋਂ ਡਰਦੀ ਹਾਂ; ਲੋਕ ਤਾਂ ਅੱਗੇ ਹੀ ਸਾਨੂੰ ਜੀਉਣ ਨਹੀਂ ਦੇਂਦੇ। ਲੈਕੇ ਕਿਥੇ ਜਾਵਾਂ? ਨਾਲ ਲੈ ਜਾਵਾਂ ਤਾਂ ਲੋਕਾਂ ਨੇ ਕਹਿਣਾ ਹੈ ਮੈਂ ਇਨ੍ਹਾਂ ਦਾ ਘਰ ਵਸਣ ਨਹੀਂ ਦਿੱਤਾ। ਹਰਦੀਪ ਨੂੰ ਫੜਾਂ ਤਾਂ ਉਹਦੀ ਮਾਂ ਨੇ ਕਹਿਣੈ: ਹੈਂ! ਤੂੰ ਕਿੱਡੀ ਬੇਸ਼ਰਮ ਏਂ? ਪਰਾਏ ਮਰਦ ਨੂੰ ਹੱਥ ਲਾਉਂਦੀ ਏਂ।... ... ... ਉਸਨੇ ਇਹ ਸਭ ਕੁਝ ਸੋਚ ਕੇ ਕਿਹਾ:

"ਸ਼ਰਨੀ ਇਹ ਤੇਰਾ ਘਰ ਹੈ, ਤੂੰ ਇਥੇ ਰਹਿਣਾ ਹੈ। ਘਰੋਂ ਉਨਾ ਚਿਰ ਪੈਰ ਬਾਹਰ ਨਾ ਕਢੀਂ ਜਿੰਨਾਂ ਚਿਰ ਤੇਰੇ ਵਿਚ ਲੜਾਈ ਸਮਝਣ ਦੀ ਤਾਕਤ ਨਹੀਂ ਹੈ। ਮੈਂ ਦੋ ਚਾਰ ਸਾਲ ਤੇਰੇ ਤੋਂ ਵੱਡੀ ਹਾਂ ਪਰ ਸਾਡੇ ਤੋਂ ਵੱਡਾ ਇਹ ਸਮਾਜ ਹੈ। ਸੋ ਚੁੱਪ ਵੱਟ ਕੇ ਦਿਨ ਕੱਟ।"

"ਇਹ ਰੋਜ਼ ਮੈਨੂੰ ਮਾਰਦਾ ਕੁੱਟਦੈ, ਮੈਂ ਕਦੀ ਤੈਨੂੰ ਨਹੀਂ ਦਸਿਆ। ਸਾਡੀਆਂ ਆਦਤਾਂ ਦਾ ਜ਼ਮੀਨ ਅਸਮਾਨ ਦਾ ਫ਼ਰਕ ਹੈ। ਮੇਰੀ ਪੜ੍ਹਾਈ ਕਿਸ ਕੰਮ— ਪਰ ਮੈਂ ਆਪਣੀ ਖ਼ੁਸ਼ੀ ਤਾਂ ਖ਼ਤਮ ਸਮਝ ਘਰਦਿਆਂ ਦੀ ਖ਼ੁਸ਼ੀ ਲਈ ਇਹਦੇ

ਹਾਲਾਤ ਨਾਲ ਸਮਝੌਤਾ ਕਰ ਲਿਆ ਸੀ। ਮੈਂ ਕਿਸੇ ਗੱਲ ਤੇ ਬਹਿਸ ਨਹੀਂ ਕਰਦੀ, ਬਗਾਵਤ ਨਹੀਂ ਕਰਦੀ, ਮੇਰਾ ਕੋਈ ਹੱਕ ਨਹੀਂ। ਫਿਰ ਚਾਹੁੰਦਾ ਹਾਂ, ਜੋ ਕੰਮ ਤੋਂ ਆਉਣ ਲਈ ਟੱਬ ਵਿਚ ਪਾਣੀ ਭਰਕੇ ਰੱਖੇ, ਤੌਲੀਆ ਸੈਂਟ ਰੱਖਦੇ। ਖਾਣਾ ਟੇਬਲ 'ਤੇ ਪਰੋਸ ਕੇ ਖੜ੍ਹ ਇਸ ਆਸ ਵਿਚ ਰਹੇ ਕਿ ਪਤੀ ਦੇਵ ਦਾ ਅਗਲਾ ਹੁਕਮ ਕੀ ਹੈ? ਮੈਂ ਕੁੱਤੀ ਤੇ ਪਿਉ ਮੇਰਾ ਕੰਜਰ ਸੁਣਕੇ ਮੈਂ ਇਹਦੇ ਹਾਸੇ ਵਿਚ ਸ਼ਾਮਲ ਹੋਵਾਂ.........”

ਪਿੰਕੀ ਚੁੱਪ ਸੀ। ਸਿਰ ਤੇ ਸੱਸ ਦਾ ਪਹਿਰਾ ਸੀ ਜੋ ਪਿੰਕੀ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਵੇਖ ਰਹੀ ਸੀ।

“ਤੂੰ ਬੋਲਦੀ ਕਿਉਂ ਨਹੀਂ? ਆਪਣੇ ਆਪ ਨੂੰ ਵੱਡੀ ਸਮਾਜ ਸੁਧਾਰਕ ਸਮਝਦੀ ਸੀ! ਕੀ ਤੂੰ ਸਹਿ ਸਕਦੀ ਏਂ ਜੋ ਕੁਝ ਮੈਂ ਸਹਿ ਰਹੀ ਹਾਂ? ਮੇਰਾ ਇਥੇ ਅੱਜ ਕੋਈ ਹੁੰਦਾ ਮੈਂ ਵੇਖਦੀ ਕੌਣ ਮੇਰੇ ਤੇ ਹੱਥ ਚੁੱਕਦਾ?”

“ਯੂ ਸ਼ੱਟ ਅੱਪ ਸ਼ੈਤਾਨ! ... ਓ.ਕੇ. ... ਯੂ...ਕੁੱਤੀ... ਤੇਰੀ ਫੈਮਲੀ ਕੁੱਤੀ...” ਗੁੱਸੇ 'ਚ ਰਿੰਗਦੇ ਹਰਦੀਪ ਨੇ ਇਸਦੇ ਨਾਲ ਹੀ ਹਰਦੀਪ ਨੇ ਸ਼ਰਨ ਦੇ ਦੋ ਥੱਪੜ ਲਾ ਦਿਤੇ।

“ਬੀਜੀ ਤੁਸੀਂ ਛੱਡੋ ਤਾਂ ਹਰਦੀਪ ਨੂੰ,” ਪਿੰਕੀ ਨੇ ਤਰਲਾ ਕਰ ਕੇ ਕਿਹਾ।

“ਤੂੰ ਕੌਣ ਹੁੰਦੀ ਏਂ ਵਿਚ ਆਉਣ ਵਾਲੀ? ਮੇਰਾ ਮੁੰਡਾ ਕਹਿੰਦੈ ਮੇਰੀ ਇੱਜ਼ਤ ਨਹੀਂ ਕਰਦੀ ਤੇ ਜੁੱਤੀਆਂ ਖਾਏਗੀ।” ਹਰਦੀਪ ਦੀ ਮਾਂ ਨੇ ਜ਼ੋਰ ਨਾਲ ਕਿਹਾ।

ਹਰਦੀਪ ਫਿਰ ਉਠ ਕੇ ਸ਼ਰਨੀ ਵੱਲ ਵਧਿਆ, ਸ਼ਰਨੀ ਨੇ ਵੀ ਅੱਗੋਂ ਚਪਲ ਚੁਕ ਲਈ ਤਾਂ ਝੱਟ ਸੱਸ ਅੱਗੇ ਹੋ ਗਈ— “ਹੈਂ! ਆਪਣੇ ਪਿਉ ਦੇ ਜੁੱਤੀਆਂ ਮਾਰਨ ਲੱਗੀ ਹੋਏਂਗੀ, ਹੁਣੇ ਮੇਰੇ ਮੁੰਡੇ ਦੀ ਅੱਖ ਕੱਢ ਦੇਣੀ ਸੀ, ਮੈਂ ਤਾਂ ਮਸਾਂ ਪਾਲੇ ਹਨ।”

ਪਿੰਕੀ ਚੁੱਪ ਕਰਕੇ ਆਪਣੇ ਘਰ ਆ ਗਈ। ਪਰ ਰਾਤ ਭਰ ਚੈਨ ਨਾ ਆਵੇ ਕਿ ਐਨਾ ਜ਼ੁਲਮ ਕਿਉਂ? ਮੈਂ ਲੋਕਾਂ ਤੋਂ ਡਰ ਗਈ ਜਿਨ੍ਹਾਂ ਨੇ ਪ੍ਰਮਾਤਮਾ ਦਾ ਡਰ ਸਮਝਕੇ ਵੀ ਕਦੀ ਮੇਰੇ ਨਾਲ ਸਾਂਝੀ ਕਰਨੋਂ ਢਿਲ ਨਹੀਂ ਕੀਤੀ। ਮੈਂ ਉਨ੍ਹਾਂ ਕੁੱਤਿਆਂ ਤੋਂ ਡਰ ਗਈ ਜਿਨ੍ਹਾਂ ਦੀਆਂ ਧੀਆਂ ਤੁਰੀਆਂ ਫਿਰਦੀਆਂ ਹਨ; ਨੂੰਹਾਂ ਨੂੰ ਘਰੋਂ ਕਢੀ ਫਿਰਦੇ ਨੇ। ਉਨ੍ਹਾਂ ਦਾ ਡਰ ਹੈ ਜਿਨ੍ਹਾਂ ਦੇ ਮੁੰਡੇ ਸ਼ਰਾਬ ਨਾਲ ਰੱਜੇ ਕਈ ਰਾਤ ਰਾਤ ਦਿਨ ਘਰ ਨਹੀਂ ਵੜਦੇ ਤੇ ਉਨ੍ਹਾਂ ਦੀਆਂ ਵਹੁਟੀਆਂ ਪਿਛੇ ਕਿਸਮਤ ਨੂੰ ਰੋਂਦੀਆਂ ਰਹਿਣ? ਉਸ ਦੀ ਕਈ ਸਾਲਾਂ ਤੋਂ ਮਰ ਚੁਕੀ ਕਹਾਣੀ ਫਿਰ ਜਾਗ ਪਈ ਤੇ ਸੋਚਾਂ ਵਿਚ ਪਤਾ ਨਹੀਂ ਕਦੋਂ ਨੀਂਦ ਆ ਗਈ।

ਦੂਸਰੇ ਦਿਨ ਸ਼ਰਨੀ ਨੇ ਦੱਸਿਆ ਕਿ ਰਾਤ ਉਹ ਕੁੱਟਦੇ ਰਹੇ। ਗੋਰਿਆਂ ਦੇ ਘਰੋਂ ਪੁਲੀਸ ਨੂੰ ਫੋਨ ਕੀਤਾ। ਫਿਰ ਪੁਲੀਸ ਘਰ ਆਈ— ਉਹ ਮਾਂ-ਪੁੱਤ ਬਹੁਤ ਸ਼ਰਮਿੰਦੇ ਹਨ। ਸ਼ਾਇਦ ਉਹ ਮੁੜ ਉਹ ਦਿਨ ਨਾ ਆਵੇ। ... ... ਪਰ ਕਮਲੀ ਨੂੰ ਕੀ ਪਤਾ? ਕਿ ਆਦਤਾਂ ਤਾਂ ਲਹੂ-ਹੱਡੀਆਂ ਦੇ ਨਾਲ ਹੀ ਜਾਂਦੀਆਂ ਹਨ। ਖੈਰ ਵੀਹ ਕੁ ਦਿਨ ਠੀਕ ਲੰਘ ਗਏ।

ਇਕ ਰਾਤ ਸਾਢੇ ਕੁ ਗਿਆਰਾਂ ਵਜੇ ਪਿੰਕੀ ਨੂੰ ਫੋਨ ਆਇਆ। ਫੋਨ ਪੁਲੀਸ ਦਾ ਸੀ ਕਿ ਸ਼ਰਨੀ ਪੁਲੀਸ-ਸਟੇਸ਼ਨ ਤੇ। ਉਸਦੇ ਹਸਬੈਂਡ ਨੇ ਕੁੱਟਿਆ ਹੈ; ਉਹ ਘਰ ਨਹੀਂ ਜਾਣਾ ਚਾਹੁੰਦੀ। ਕਹਿੰਦੀ ਹੈ ਮੈਂ ਹੋਰ ਕਿਸੇ ਨੂੰ ਨਹੀਂ ਜਾਣਦੀ ਤੇਰਾ ਨਾ ਦੱਸਿਆ ਹੈ ਪਰ ਕਹਿੰਦੀ ਹੈ ਉਹਨੇ ਵੀ ਮੈਨੂੰ ਨਹੀਂ ਰੱਖਣਾ। ਪਲੀਜ਼ ਮੈਡਮ ਤੁਸੀਂ ਕੀ ਇਕ ਰਾਤ ਵੀ ਨਹੀਂ ਰੱਖ ਸਕਦੇ? ਅਸੀਂ ਨਹੀਂ ਕਿਸੇ ਨੂੰ ਦਸਦੇ। ਸਵੇਰੇ ਇਸ ਦਾ ਫਾਦਰ-ਇਨ-ਲਾਅ ਆ ਜਾਵੇਗਾ ਉਸ ਨਾਲ ਘਰ ਚਲੀ ਜਾਵੇਗੀ। ਸੋ ਪਿੰਕੀ ਮੰਨ ਗਈ। ਪੰਜ ਕੁ ਮਿੰਟ ਬਾਅਦ ਦੋ ਪੁਲੀਸਮੈਨ ਤੇ ਸ਼ਰਨੀ ਉਸਦੇ ਘਰ ਦੇ ਅੱਗੇ ਸਨ। ਉਫ਼, ਹੋ! ਮੈਂ ਤਾਂ ਸੋਚਿਆ ਸੀ ਉਤਾਰ ਕੇ ਚਲੇ ਜਾਣਗੇ। ਚਾਰੇ ਪਾਸੇ ਹਿੰਦੂਆਂ ਦੇ ਘਰ... ਅੱਧੀ ਰਾਤ... ਪੁਲੀਸ... ਕੀ ਸੋਚਦੇ ਹੋਣਗੇ? ਖੈਰ ਪਿੰਕੀ ਨੇ ਦਰਵਾਜ਼ ਖੋਲ ਦਿਤਾ। ਅੰਦਰ ਆ ਕੇ ਪੁਲੀਸ ਵਾਲਿਆਂ ਨੇ ਸਾਰੀ ਕਹਾਣੀ ਦੱਸੀ। ਉਨ੍ਹਾਂ ਦੇ ਜਾਣ ਮਗਰੋਂ ਪਿੰਕੀ ਸ਼ਰਨੀ ਦੇ ਗਲ ਪੈ ਗਈ— ਮੇਰੇ ਘਰ ਕਿਉਂ ਆਈ ਏਂ? ਅੱਗੇ ਮੈਂ ਬਹੁਤ ਸੌਖੀ ਹਾਂ? ਤਾਂਹੀ ਇਹ ਕੰਮ ਕਰ ਸਕਦੇ ਹਨ। ਤੂੰ ਸਮਝ ਅੱਜ ਤੋਂ ਤੇਰਾ ਮੇਰਾ ਮਿਲਣਾ ਵੀ ਲੋਕ ਬੰਦ ਕਰ ਦੇਣਗੇ... ਤੇਰੇ ਘਰਦਿਆਂ, ਮੇਰੇ ਘਰਦਿਆਂ, ਲੋਕਾਂ ਨੇ ਸਭ ਨੇ ਇਹੀ ਕਹਿਣੈ ਇਹ ਸਭ ਕੁਝ ਮੈਂ ਹੀ ਕਰਵਾ ਰਹੀ ਹਾਂ। ਅੱਛਾ ਚਲ ਇਹ ਦਸ ਇਸ ਵਾਰ ਲੜਾਈ ਕਿਸ ਕਰਕੇ ਹੋਈ?

“ਹਰਦੀਪ ਜਦੋਂ ਕੰਮ ਤੋਂ ਆਇਆ ਕਹਿਣ ਲੱਗਾ: ਇੰਡੀਆ ਵਿਚ ਤੇਰਾ ਵੀ ਕੋਈ Boyfriend ਜ਼ਰੂਰ ਹੋਵੇਗਾ। ਮੀਤ ਕਹਿੰਦਾ ਹੈ ਕਿ ਕਾਲਜ ਪੜ੍ਹਨ ਵਾਲੀਆਂ ਕੁੜੀਆਂ ਬਹੁਤ ਖਰਾਬ ਹੁੰਦੀਆਂ ਹਨ, ਇਸੇ ਕਰਕੇ ਤੇਰੀ ਸਿਰਫ਼ ਪਿੰਕੀ ਨਾਲ ਬਣਦੀ ਹੈ ਉਹਨੇ ਮਨ-ਮਰਜ਼ੀ ਦੇ ਮੁੰਡੇ ਨਾਲ ਵਿਆਹ ਕੀਤਾ ਹੈ। ਤੂੰ ਵੀ ਚੋਰੀ ਚੋਰੀ ਕਿਸੇ ਨੂੰ ਇੰਡੀਆ ਮਿਲਦੀ ਸੀ ਤੂੰ ਉਥੇ ਵਿਆਹ ਕਿਉਂ ਨਹੀਂ ਕੀਤਾ ਮੇਰੇ ਨਾਲ ਕਿਉਂ ਕੀਤਾ? ਤੂੰ ਗੰਦੀ ਏਂ। ਇੰਡੀਆ ਦੀਆਂ ਸਭ ਕੁੜੀਆਂ ਗੰਦੀਆਂ। ਮੀਤ ਕਹਿੰਦਾ ਹੈ ਕਿ ਉਸਦੀਆਂ Girl-friends ਸਾਰੇ ਹੀ ਇੰਡੀਆ ਹਨ ਜਿਨ੍ਹਾਂ ਨੂੰ ਖੇਤਾਂ ਵਿਚ ਮਿਲਦਾ ਹੁੰਦਾ ਸੀ। ਜਦ ਵੀ ਇੰਡੀਆ ਜਾਂਦਾ। ਉਹ ਕਹਿੰਦਾ ਮੇਰੀ ਵਾਈਫ਼ ਚੰਗੀ ਹੈ ਸਕੂਲ ਨਹੀਂ ਗਈ; ਸੋ ਹਰਦੀਪ ਕਹਿੰਦਾ ਤੇਰੇ ਯਾਰ ਇੰਡੀਆ ਹਨ। ਅੱਜ ਮਾਰਿਆ ਘੱਟ ਪਰ ਜ਼ਖਮੀ ਵੱਧ ਕੀਤਾ ਹੈ। ਮੈਂ ਉਥੇ ਰਹੇ ਨਹੀਂ ਜਾਣਾ। ਕਾਸ਼! ਫਿਰ ਇੰਡੀਆ ਵਿਚ ਹੀ ਯਾਰ ਮਿਲ ਗਿਆ ਹੁੰਦਾ...”

ਪਿੰਕੀ ਨੇ ਮਸਾਂ ਉਹਨੂੰ ਸੌਣ ਲਈ ਰਾਜ਼ੀ ਕੀਤਾ। ਸਵੇਰ ਨੂੰ ਸ਼ਰਨੀ ਨੇ ਆਪਣੇ ਸਹੁਰੇ ਨੂੰ ਫੋਨ ਕੀਤਾ; ਪਤਾ ਨਹੀਂ ਕੀ ਕਿਹਾ ਪਰ ਉਹ ਕਹਿ ਰਹੀ ਸੀ:

“ਪਾਪਾ ਜੀ ਤੁਸੀਂ ਕੀ ਹੋ? ਇਹ ਕੀ ਹਨ? ਮੈਂ ਜਾਣਦੀ ਹਾਂ... ...ਮੇਰੇ ਲਈ ਮੁੰਡਾ ਲੱਭ ਦੇਣਗੇ। ਮੁੰਡਾ ਤਾਂ ਮੇਰੇ ਪਿਉ ਦਾ ਲੱਭਿਆ ਰਾਸ ਨਾ ਆਇਆ। ਮੈਂ ਜਾਣ ਗਈ ਹਾਂ ਅਜ ਕੱਲ੍ਹ ਕੰਜਰਾਂ ਨੂੰ ਸਾਧ ਤੇ ਸਾਧਾਂ ਨੂੰ ਕੰਜਰ ਕਹਿੰਦੇ ਹਨ। ਤੁਹਾਡੀ ਇਕ ਵੀ ਗੱਲ ਮੇਰੇ ਤੋਂ ਗੁੱਝੀ ਨਹੀਂ।” ... ... ਅੱਗੋਂ ਪਤਾ ਨਹੀਂ ਕੀ ਕੁਝ ਕਿਹਾ ਗਿਆ ਪਰ ਐਨਾ ਪਤਾ ਲਗਾ ਕਿ ਉਹਨੇ ਪਿੰਕੀ ਨੂੰ ਕਿਹਾ ਕਿ ਉਹ ਲੈਣ ਆ ਰਿਹਾ ਹੈ ਮੈਂ ਜਾ ਰਹੀ ਹਾਂ।

ਦੂਸਰੇ ਦਿਨ ਸ਼ਰਨੀ ਦਾ ਫ਼ੋਨ ਆਇਆ ਕਿ ਅਜੇ ਸਭ ਕੁਝ ਠੀਕ ਠਾਕ ਹੈ; ਪਰ ਕੱਲ੍ਹ ਪਾਪਾ ਦੇ ਨਾਲ ਉਸਦਾ ਫ਼ਰੈਂਡ ਘੱਗਾ ਵੀ ਆ ਗਿਆ, ਲੱਗਾ ਤੇਰੀਆਂ ਗੱਲਾਂ ਕਰਨ। ਪਰ ਫਿਰ ਮੈਂ ਵੀ ਕੁਝ ਕਹਿ ਕੇ ਤੋਰਿਆ ਸਹੁ ਜੋ — ਮੈਂ ਕਿਹਾ, ਤੇਰੀ ਕੁੜੀ ਨੇ ਮਰਜ਼ੀ ਨਾਲ ਵਿਆਹ ਕੀਤਾ...ਤੇਰੇ ਵਿਚ; ਤੇਰੀ ਧੀਏ ਕਿਹੜੀ ਹੈ? ਉਸਦੇ ਕਾਲੇ ਮੁੰਡੇ ਕਿੱਸਦੇ ਹਨ? ਤੇਰੇ ਘਰ ਵਿਚ ਕੁੜੀ ਰਹਿੰਦੀ ਸੀ ਤੂੰ ਕਹਿੰਦਾ ਸੀ ਮੇਰੀ ਧੀ ਦੇ ਹਾਂ ਗਰਭਵਤੀ ਕਿਵੇਂ ਹੋ ਗਈ? ਇਹ ਮੇਰਾ ਪਾਪਾ ਦੇ ਕੋਲ ਵਿਚਲੀ... ...?? ਤੇ ਪਾਪਾ ਰੋਣ ਲੱਗ ਪਿਆ ਕਿ ਪੁੱਤ ਮੇਰੇ ਜੁੱਤੀਆਂ ਨਾ ਮਾਰ... ...।

ਖ਼ੈਰ ਸ਼ਰਨੀ ਜੋ ਵੀ ਹੋਇਆ ਸੋ ਹੋਇਆ ਪਰ ਵੱਡਿਆਂ ਦੀਆਂ ਗੱਲਾਂ ਨਹੀਂ ਕਰੀਦੀਆਂ; ਵੱਡੇ ਸਦਾ ਬੱਚਿਆਂ ਦੀ ਖ਼ੁਸ਼ੀ ਲਈ ਹੀ ਸੋਚਦੇ ਹਨ।

"ਖ਼ੁਸ਼ੀ!" ਉਹਨੇ ਵਿਅੰਗ ਨਾਲ ਕਿਹਾ—"ਮੇਰੀ ਖ਼ੁਸ਼ੀ ਮੇਰੇ ਬਾਪ ਨੇ ਨਾ ਪੁੱਛੀ, ਇਕ ਅਣਪਛਾਤੇ ਜਿਹੇ ਬੰਦੇ ਨਾਲ ਵਿਆਹ ਦਿੱਤਾ। ਮੈਂ ਪੜ੍ਹਨਾ ਚਾਹੁੰਦੀ ਸੀ, ਆਪਣੇ ਬਰਾਬਰ ਦਾ ਮੁੰਡਾ ਚਾਹੁੰਦੀ ਸਾਂ। ਪਰਿਵਾਰ ਨੂੰ ਸਭਨਾਂ ਸੌਖਾ ਪੈਸੇ ਨਾਲ ਭਰਪੂਰ ਮੁੰਡਾ ਚਾਹੀਦਾ ਸੀ। ਉਨ੍ਹਾਂ ਕਿਹਾ ਤੇਰੀਆਂ ਅਜੇ ਦੋ ਭੈਣਾਂ ਹੋਰ ਹਨ... ਰੋਜ਼ ਰੋਜ਼ ਨਹੀਂ ਚੰਗੇ ਮੁੰਡੇ ਮਿਲਦੇ... ਸਾਡੀ ਖ਼ਾਤਰ? ਸੋ ਮੈਂ ਪਰਿਵਾਰ ਖ਼ਾਤਰ ਆਪਣੀ ਪੜ੍ਹਾਈ, ਆਪਣੀ ਚੋਣ, ਆਪਣਾ ਆਦਰਸ਼ ਛੱਡ ਦਿੱਤਾ। ਮੈਂ [illegible] ਬਣ ਗਈ, ਮੈਂ [illegible], ਗਾਲ੍ਹਾਂ ਖਾਧੀਆਂ, ਆਦਰਸ਼ 'ਤੇ ਪੋਚੇ ਫੇਰੇ, ਕਾਹਦੇ ਲਈ ਸਹਿੰਦੀ ਰਹੀ? ਪਰਿਵਾਰ ਦੀ ਖ਼ੁਸ਼ੀ ਲਈ ਤਾਂ ਜੋ ਸਮਾਜ ਇਹ ਨਾ ਕਹੇ — ਤੈਂ ਫਲਾਣੇ ਦੀ ਧੀ ਨੇ ਆਪਣਾ ਆਦਮੀ ਛੱਡ ਦਿੱਤਾ। ਮੈਂ ਇੰਡੀਆ ਵਾਪਸ ਜਾਣਾ ਹਰਦੀਪ ਦੇ ਐਬ ਗਿਣਨੇ ਪੁੱਛਦੇ ਹਨ, ਮੈਨੂੰ ਕਹਿਣਾ ਪੈਂਦਾ ਹੈ। ਵਿਆਹ ਤਾਂ ਕਹਿੰਦੇ ਹਨ ਦੋ ਦਿਲਾਂ ਦਾ ਪਵਿੱਤਰ ਸੰਬੰਧ ਹੁੰਦਾ ਹੈ; ਪਰ ਮੈਨੂੰ ਤਾਂ ਹਾਸਾ ਆਉਂਦਾ ਹੈ ਕਿ ਇਹ ਵਿਆਹ ਵੀ ਕੀ ਚੀਜ਼ ਹੈ?... ...ਇਸ ਤੋਂ ਬਾਅਦ ਕੁਝ ਵੀ ਆਪਣਾ ਨਹੀਂ ਰਹਿੰਦਾ। ਕੀ ਤੂੰ ਨਹੀਂ ਸੋਚਦੀ ਕਿ ਫ਼ਜ਼ੂਲ ਰਸਮਾਂ ਰਿਵਾਜਾਂ ਦੇ ਕਰੜੇ ਬੰਧਨਾਂ ਵਿਚ ਫਸਕੇ ਵਿਆਹ ਇਕ ਹਾਸੋਹੀਣੀ ਗੱਲ ਜਿਹੀ ਬਣ ਜਾਂਦੈ?"

ਪਿੰਕੀ ਚੁੱਪ ਸੀ। ਕੀ ਜਵਾਬ ਦੇਵੇ। ਉਹਨੇ ਖ਼ੁਦ ਸਮਾਜ ਨੂੰ ਵੰਗਾਰਿਆ ਸੀ ਪਰ ਆਪ ਖ਼ੁਰ ਗਈ ਪਰ ਸਮਾਜ ਦਾ ਵਾਲ ਵਿੰਗਾ ਨਹੀਂ ਹੋਇਆ। ਉਹਦੀ ਆਪਣੀ ਖ਼ੁਸ਼ੀ ਕੁੱਤਿਆਂ ਦੀ ਭੌਂਕ ਵਿਚ ਗੁਆਚ ਕੇ ਰਹਿ ਗਈ ਸੀ।

ਨੋਟ: ਇਸ ਕਹਾਣੀ ਵਿਚਲੇ ਵਿਚਾਰ ਮੇਰੇ ਆਪਣੇ ਨਿਜੀ ਹਨ। ਕਿਸੇ ਦੇ ਨਾਂ ਜਾਂ ਸਥਾਨ ਦਾ ਇਸ ਨਾਲ ਕੋਈ ਸੰਬੰਧ ਨਹੀਂ। ਸਾਰੀ ਕਲਪਿਤ ਕਹਾਣੀ ਹੈ। ਲੇਖਕ।

o


ਕੈਨੇਡਾ ਦੇ ਉੱਘੇ ਨੌਜਵਾਨ ਕਵੀ ਤੇ ਕਹਾਣੀਕਾਰ
ਸਾਧੂ
ਦੇ ਕਾਵਿ-ਸਫ਼ਰ ਦੀ ਪਹਿਲੀ ਪ੍ਰਭਾਵਸ਼ਾਲੀ ਪ੍ਰਾਪਤੀ,
ਸਮਕਾਲੀ ਸਮੱਸਿਆਵਾਂ ਦਾ ਸਾਰਥਕ ਤੇ ਸਪੱਸ਼ਟ ਕਾਵਿ-ਚਿਤ੍ਰਣ

ਮੈਲੇ ਰੰਗੀ ਸੜਕ
ਸਫ਼ੇ 80 ਕੀਮਤ ਇਕ ਡਾਲਰ ਫ਼ੋਨ 437-9014



# How to survive your partner's death.

**Suppose your partner died tomorrow. The resulting problems could seriously affect your business. Sun Life has insurance plans to protect surviving partners — and the deceased partner's heirs.**

**Let's talk it over.**



MOHINDAR S. GILL, B.COMM., M.B.A., C.G.A.

VANCOUVER ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.

**Telephone: Off: 682-8441**
**Res: 433-1684**

**Get your life in shape.**
**SUN LIFE**
OF CANADA

# ਜਨਤਾ ਪਾਰਟੀ ਕਿਸ ਤਰ੍ਹਾਂ ਘੁੰਮਣ ਘੇਰੀ ਵਿਚ — ਇਕ ਨਿਰਪੱਖ ਦ੍ਰਿਸ਼ਟੀਕੋਣ:

ਮੂਲ ਲੇਖਕ: ਉਦਯਨ
ਅਨੁਵਾਦਕ: ਮਹਿੰਦਰ ਸਿੰਘ

ਜਨਤਾ ਪਾਰਟੀ ਜਿਸ ਦੇ ਨਾਂ ਤੋਂ ਹੀ ਵਿਅਕਤੀ-ਪੂਜਾ ਦੀ ਝਲਕ ਪੈਂਦੀ ਹੈ, ਸ਼ੁਰੂ ਤੋਂ ਹੀ ਲੋਕਾਂ ਦੀ ਪਾਰਟੀ ਨਹੀਂ ਸੀ; ਅਸਲ ਵਿਚ ਇਹ ਕੁਝ ਗੁਟਾਂ ਦੇ ਉਨ੍ਹਾਂ ਨੇਤਾਵਾਂ ਦਾ ਇਕੱਠ ਹੈ ਜਿਨ੍ਹਾਂ ਵਿਚੋਂ ਕੋਈ ਵੀ ਆਪਣੀ ਵਿਅਕਤੀਗਤ ਹੋਂਦ ਨੂੰ ਪਾਰਟੀ ਲਈ ਪੂਰੀ ਤਰ੍ਹਾਂ ਨਹੀਂ ਮਿਟਾ ਸਕਿਆ। ਇਹ ਪਾਰਟੀ ਦੱਖਣੀ ਭਾਰਤ ਦੇ ਖਾਣੇ ਦੇ ਥਾਲ ਵਰਗੀ ਹੈ। ਖਾਣੇ ਦੇ ਏਸ ਥਾਲ ਦੀ ਹਰ ਵਸਤੂ ਵਾਂਗ, ਜਨਤਾ ਪਾਰਟੀ ਵਿਚ ਸ਼ਾਮਿਲ ਹਰ ਗੁਟ ਦਾ ਆਪਣਾ ਹੀ ਵਖਰਾ ਸੁਭਾ ਜਾਂ ਸੁਆਦ ਹੈ। ਸੋਸ਼ਲਿਸਟ — ਪਾਪੜਾਂ ਵਰਗੇ ਕਰਾਰੇ ਤੇ ਔਖੇ ਹੱਥ ਲਾਇਆਂ ਹੀ ਟੁੱਟਣ ਵਾਲੇ ਜਾਣੀ ਨਾਜ਼ੁਕ ਹਨ। ਕਾਂਗਰਸੀ — ਕੜ੍ਹੀ ਪੱਤੀ ਵਰਗੇ ਹਨ, ਜਿਹੜੇ ਤਾਮਿਲ ਆਖਣ ਅਨੁਸਾਰ ਸੁਆਦ ਲਈ ਹੀ ਖਾਣੇ ਵਿਚ ਪਾਈ ਜਾਂਦੀ ਹੈ ਤੇ ਜਿਸ ਨੂੰ ਬਾਅਦ ਵਿਚ ਪਰ੍ਹਾਂ ਸੁਟ ਦਿਤਾ ਜਾਂਦਾ ਹੈ। ਭਾਰਤੀ ਲੋਕ ਦਲ — 'ਰਸਮ' ਵਰਗਾ ਹੈ: ਪਤਲਾ ਤੇ ਤਰਲ, ਜਿਹੜਾ ਚੌਲਾਂ ਨੂੰ ਵੱਖ ਵੱਖ ਕਰਦਾ ਹੈ ਜੇ ਉਨ੍ਹਾਂ ਨੂੰ ਉਂਗਲਾਂ ਵਿਚ ਚੰਗੀ ਤਰ੍ਹਾਂ ਘੁੱਟ ਕੇ ਨਾ ਛਡਿਆ ਜਾਏ। ਜਨਸੰਘ — ਥਾਲੀ ਦੀਆਂ ਵਸਤਾਂ ਵਿਚ ਪਏ ਚੌਲਾਂ ਦੀ ਢੇਰੀ ਵਾਂਗ ਹੈ ਜਿਸ ਸਾਹਮਣੇ ਦੂਜੀਆਂ ਵਸਤਾਂ ਥਾਲੀ ਵਿਚ ਤੁੱਛ ਜਾਪਦੀਆਂ ਹਨ। ਅਕਾਲੀ-ਮਸਾਲੇ ਦੀ ਚਟਣੀ ਵਰਗੇ ਹਨ ਜਿਨ੍ਹਾਂ ਨੂੰ ਖਾਣਾ ਸ਼ੁਰੂ ਕਰਨ ਲਈ ਚੱਖਣ ਸਮੇਂ ਹੀ ਵਰਤ ਲਿਆ ਜਾਂਦਾ ਹੈ ਜਾਂ ਸੁੱਟ ਦਿਤਾ ਜਾਂਦਾ ਹੈ। ਇਸ ਤਰ੍ਹਾਂ, ਜਨਤਾ ਪਾਰਟੀ ਦੀ ਤੁਲਨਾ ਦੱਖਣ-ਭਾਰਤੀ ਖਾਣੇ ਦੀ ਥਾਲੀ ਨਾਲ ਬਿਲਕੁਲ ਢੁਕਦੀ ਹੈ। ਪਾਪੜ ਵਿਚਾਰਾ ਭੰਨਿਆ ਤੋੜਿਆ ਪਿਆ ਹੈ, ਰਸਮ ਲਗਭਗ ਨਿਚੜ ਚੁਕਾ ਹੈ; ਕੜ੍ਹੀ ਪੱਤੀ ਤਰਦੀ ਪਈ ਹੈ ਤੇ ਉਸ ਦੀ ਹਾਲਤ 'ਰਹੇ ਸੁੱਟੀ' ਵਰਗੀ ਹੈ। ਚਾਵਲ ਵੀ ਰਹਿ ਗਿਆ ਹੈ, ਇਹ ਸਮਝਣ ਵਾਸਤੇ ਕੋਈ ਬਹੁਤਾ ਸੋਚਣ ਦੀ ਲੋੜ ਨਹੀਂ।

ਇਸ ਥਾਲੀ ਦਾ ਮਾਲ ਨਾਲੀ ਵਿਚ ਕਦੋਂ ਜਾਵੇਗਾ, ਇਸ ਬਾਰੇ ਨਿਸ਼ਚਿਤ ਕਰਨ ਦੀ ਲੋੜ ਨਹੀਂ ਕਿਉਂਕਿ ਇਸ ਵਿਚੋਂ ਬਦਬੂ ਤਾਂ ਆਉਣੀ ਸ਼ੁਰੂ ਹੋ ਗਈ ਹੈ। ਸਾਡੇ ਵਰਗੇ ਲੋਕਰਾਜੀ ਢਾਂਚੇ ਵਿਚ ਸਿਆਸੀ ਚਾਲ ਉੱਚੀ ਨੀਵੀਂ ਹੋ ਸਕਦੀ ਹੈ ਪਰ ਜਨਤਾ ਪਾਰਟੀ ਜਿਹੜੀਆਂ ਪੈੜਾਂ ਕਰਦੀ ਜਾ ਰਹੀ ਹੈ ਉਹ ਬਿਲਕੁਲ ਥਿੜਕਦੀਆਂ ਹੋ ਗਈ ਹੈ। ਰਾਜਸੀ ਅਖਾੜੇ ਵਿਚ ਪੰਜ ਲੱਤਾਂ ਵਾਲਾ ਜਾਨਵਰ ਹੋਣਾ ਇਕ ਅਜੂਬਾ ਹੈ ਖਾਸ ਕਰਕੇ ਜਦੋਂ ਇਸ ਦੀਆਂ ਲੱਤਾਂ ਪਿੰਜਰ ਦਾ ਹਿੱਸਾ ਨਾ ਹੋਣ ਸਗੋਂ ਮਕੜੀ ਦੇ ਆਕੜੀ ਲੱਤਾਂ ਵਾਂਗ ਹੋਣ। ਇਕ ਲੱਤ ਪਹਿਲਾਂ ਹੀ ਵੱਖ ਹੋ ਚੁਕੀ ਹੈ ਤੇ ਬਾਕੀ ਦੇ ਭਾਗਾਂ ਵਿਚੋਂ ਤਿੰਨ ਖਸਤੇ ਜਿਹੇ ਲਟਕ ਰਹੇ ਹਨ। ਭਾਵੇਂ ਇਕ ਲੱਤ ਦੇ ਵੱਖ ਹੋ ਜਾਣ ਸਗੋਂ ਜਨਤਾ ਪਾਰਟੀ ਇਕ ਚੌਪਾਇਆ ਹੋ ਕੇ ਰਹਿ ਗਈ ਹੈ, ਪਰ ਦੁਖਾਂਤ ਵਾਲੀ ਗੱਲ ਇਹ ਹੈ ਕਿ ਇਹ ਚਾਰੇ ਲੱਤਾਂ ਵੱਖ ਵੱਖ ਚਹੁੰ ਪਾਸਿਆਂ ਨੂੰ ਖਿਚਦੀਆਂ ਹਨ ਤੇ ਇਹੋ ਗੱਲ ਹੈ ਜਿਹੜੀ ਮਹੱਤਵਪੂਰਣ 'ਖ਼ਬਰ' ਹੈ। ਬਦੇਸ਼ੀ ਪਾਠਕ ਦੀ ਇਹ ਰੀਝ ਕਿਸੇ ਇਕ ਪਾਸੇਵੱਲ ਕੋਈ ਉਲਾਂਘ ਨਹੀਂ ਪੁੱਟ ਸਕੀ। ਸ਼੍ਰੀ ਫਰਨਾਂਡਿਜ਼ ਅਸ਼ੋਕ ਹੋਟਲ ਦੇ ਕਨਵੈਨਸ਼ਨ ਹਾਲ ਵਿਚ ਵਾਵਰੋਲੇ ਵਾਂਗ ਵਰ੍ਹਨ ਤੋਂ ਪਿਛੋਂ ਹੀ ਪੰਜ-ਸਤਾਰੀ ਹੋਟਲਾਂ ਵਿਰੁਧ ਲੋਹੇ ਲਾਖੇ ਹੋ ਰਹੇ ਹਨ ਤੇ ਦੂਜੇ ਪਾਸੇ ਸ਼੍ਰੀ ਸਿਕੰਦਰ ਬਖਤ ਪੂਰੀ ਦ੍ਰਿੜਤਾ ਨਾਲ ਇਕ ਹੋਰ ਪੰਜ-ਸਤਾਰੀ ਐਸ਼ਗਾਹ ਬਨਾਉਣ ਵਿਚ ਰੁੱਝੇ ਹੋਏ ਹਨ। ਡਾ: ਪ੍ਰਤਾਪ ਚੰਦਰ ਸ਼ਾਸਤਰੀ ਭਵਨ ਦੀ 'ਧਰਮੀ' ਵਿਚੋਂ ਆਪਣੇ ਨੇਕ ਇਰਾਦਿਆਂ ਦਾ ਉਪਦੇਸ਼ ਝਾੜ ਰਹੇ ਹਨ ਕਿ ਅਗਲੇ ਪੰਜਾਂ ਸਾਲਾਂ ਵਿਚ ਉਹ ਦਸ ਕਰੋੜ ਲੋਕਾਂ ਨੂੰ ਵਿਦਿਆ ਦਾ ਚਾਨਣ ਦੇ ਦੇਣਗੇ ਤੇ ਇਸ ਸੰਬੰਧ ਵਿਚ ਰਾਸ਼ਟਰੀ ਬਾਲਗ਼ ਵਿਦਿਆ ਦਾ ਪ੍ਰੋਗ੍ਰਾਮ ਚੁੱਪ ਚੁਪੀਤੇ ਹੀ ਸੁਧਾਰ ਤੇ ਪ੍ਰਗਤੀ ਦੇ ਵਿਰੋਧੀ ਲੋਕਾਂ ਦੀ ਝੋਲੀ ਪਾ ਦਿਤਾ ਗਿਆ ਹੈ। ਪ੍ਰਧਾਨ ਮੰਤਰੀ ਸ਼੍ਰੀ ਦੇਸਾਈ ਸਵੈ-ਖੰਡਨ ਦੀ ਕਲਾ ਦਾ ਪੱਕੇ ਮਾਹਿਰਾਂ ਵਾਂਗ ਕਦੇ ਜਨਤਾ ਪਾਰਟੀ ਦੀ ਨਿਖੇਧੀ ਕਰਦੇ ਹਨ ਤੇ ਕਦੇ ਉਸ ਦਾ ਪੱਖ ਪੂਰਦੇ ਹਨ ਤੇ ਏਸ ਤਰ੍ਹਾਂ ਤੀਖਣ ਬੁੱਧੀ ਵਾਲੇ ਕਾਰਟੂਨਕਾਰਾਂ — ਲਕਸ਼ਮਣ ਤੇ ਹੋਰਨਾਂ ਨੂੰ ਰੋਜ਼ ਦੀਆਂ ਨਵੀਆਂ ਕਿਰਤਾਂ ਲਈ ਨਵੇਂ ਵਿਸ਼ੇ ਦੇਂਦੇ ਹਨ।

ਏਧਰ ਸ਼੍ਰੀ ਦੇਸਾਈ ਆਪਣੀਆਂ 'ਮਨ-ਆਈਆਂ' ਲਈ ਵੰਡਵਾਂ ਸਮਾਂ ਦੇ ਰਹੇ ਹਨ ਤਾਂ ਉਧਰ ਵਿਦੇਸ਼ ਮੰਤਰੀ ਸ਼੍ਰੀ ਵਾਜਪਈ ਕਿਸੇ ਨਾ ਕਿਸੇ ਪ੍ਰੋਗ੍ਰਾਮ ਦੇ ਬਹਾਨੇ ਆਪਣੀ ਅੱਖ ਕਿਸੇ ਨਾ ਕਿਸੇ ਬਾਹਰਲੇ ਦੇਸ਼ ਵਿਚ ਉਖਾੜਦੇ ਹਨ। ਭਾਰਤ ਨੂੰ ਏਸ ਤੋਂ ਪਹਿਲਾਂ ਅਜਿਹਾ ਸੈਲੀ, ਸੈਲਾਨੀ ਵਿਦੇਸ਼ ਮੰਤਰੀ ਕਦੇ ਨਹੀਂ ਸੀ ਮਿਲਿਆ। ਇਕ ਪਾਸੇ ਲੋਕਾਂ ਦੇ ਕੰਨਾਂ ਵਿਚ ਅਖ਼ਬਾਰਾਂ ਦੀ ਆਜ਼ਾਦੀ ਦੀ ਬਹਾਲੀ ਦਾ 'ਗੀਤ' ਬਾਰ ਬਾਰ ਪਾਇਆ ਜਾਂਦਾ ਹੈ ਤਾਂ ਦੂਜੇ ਪਾਸੇ ਸਰਕਾਰੀ ਕੰਟਰੋਲ ਹੇਠਲੇ ਰੇਡੀਓ ਤੇ ਦੂਰਦਰਸ਼ਨ ਵਿਰੋਧੀ ਧਿਰ ਦੀ ਇਕ ਨੇਤਾ — ਸ਼੍ਰੀਮਤੀ ਗਾਂਧੀ ਦੀ ਚੋਣ ਦੀ ਖ਼ਬਰ ਦੇਣ ਲਗੇ ਵਿੰਗੀ ਟੇਢੀ ਕਰਕੇ ਦੇਂਦੇ ਹਨ। ਦਿੱਲੀ ਦੇ ਇਕ ਅਖ਼ਬਾਰ ਨੇ ਤਾਂ ਇਹ ਵੀ ਲਿਖਿਆ ਹੈ —

ਕਿ ਅੱਧੀ ਰਾਤ ਨੂੰ ਜਦੋਂ ਚਿਕਮਗਲੂਰ ਵਿਚ ਜਿੱਤ ਦਾ ਐਲਾਨ ਹੋਣ ਹੀ ਵਾਲਾ ਸੀ ਨਵੀਂ ਦਿੱਲੀ ਦੇ ਵਿਲਿੰਗਡਨ ਕ੍ਰੀਸੈਂਟ ਦੇ ਇਲਾਕੇ ਦੀ ਬਿਜਲੀ ਗੁੱਲ ਸੀ। ਮਹੱਤਵਪੂਰਣ ਰਵਾਇਤਾਂ ਦਾ ਸੌਦਾ ਅਸਲ ਜਵਾਬੀ ਇਲਾਜ ਨੂੰ ਦੇਖੇ ਬਿਨਾਂ ਤੇ ਕੇਵਲ ਪਲਕ-ਝਿਮਕਣੇ ਜਹੀ ਸੋਚੀ ਹੋਈ ਕਿਸਮ ਦਾ ਇਲਾਜ ਦੇਣ ਦੇ 'ਦਾਅਵੇ' ਤੇ ਹੀ ਕਰ ਲਿਆ ਗਿਆ ਹੈ। ਪਾਇਦਾਰ ਤੇ ਸਮੇਂ ਦੀ ਕਸੌਟੀ ਤੇ ਪੂਰੇ ਉਤਰ ਚੁੱਕੇ ਸਿੱਧਾਂਤਾਂ ਨਾਲ ਕੇਵਲ ਏਸ ਲਈ ਸੰਬੰਧ ਤਨਾਉਪੂਰਣ ਬਣਾਏ ਜਾ ਰਹੇ ਹਨ ਤਾਂ ਜੋ ਉਨ੍ਹਾਂ "ਮਸ਼ਹੂਰ" ਲੋਕਾਂ ਨਾਲ ਮਿੱਤਰਤਾ ਕੀਤੀ ਜਾ ਸਕੇ ਜਿਹੜੇ ਦੁਨੀਆ ਦੇ ਏਸ ਹਿੱਸੇ ਵਿਚ ਗੈਰ-ਜਮਹੂਰੀ ਹਾਲਤ ਪੈਦਾ ਕਰਕੇ ਬਗਲਾਂ ਵਜਾ ਰਹੇ ਸਨ। ਨੀਤੀਆਂ ਦੀ ਏਸ ਗੜਬੜ ਵਾਲੀ ਹਾਲਤ ਵਿਚ ਇਹ ਗੱਲ ਹੈਰਾਨ ਹੋਣ ਵਾਲੀ ਹੀ ਹੈ ਕਿ ਇਹ ਸਾਰਾ ਤਮਾਸ਼ਾ ਤੁਰਿਆ ਕਿਵੇਂ ਜਾ ਰਿਹਾ ਹੈ? ਕੀ ਮੌਕਾਪ੍ਰਸਤ ਅਫ਼ਸਰਸ਼ਾਹੀ ਰਾਹੀਂ? ਜਾਂ ਉਨ੍ਹਾਂ ਲੋਕਾਂ ਰਾਹੀਂ ਜਿਹੜੇ ਸੰਨ੍ਹ ਪਾਕੇ ਜਨਤਾ ਪਾਰਟੀ ਵਿਚ ਹਰ ਪੱਧਰ ਤੇ ਘੁਸਪੈਠ ਕਰ ਚੁੱਕੇ ਹਨ। ਸਵਾਲ ਤਾਂ ਇਹ ਹੈ ਕਿ ਜਨਤਾ ਪਾਰਟੀ ਦੇ ਰਾਜ ਵਿਚ ਖ਼ੁਸ਼ ਕੌਣ ਹੈ, ਜੇ ਅਜਿਹੀ ਕੋਈ ਗੱਲ ਸਮਝਦੇ ਹੋ ਤਾਂ। ਕੀ ਵਪਾਰੀ ਖ਼ੁਸ਼ ਹੈ ਜਿਸ ਨੂੰ ਵਿਕਰੀ ਟੈਕਸ ਖ਼ਤਮ ਕਰਨ ਦਾ ਲਾਰਾ ਦਿੱਤਾ ਗਿਆ ਸੀ? ਕੀ ਪੁਲਿਸ ਕਰਮਚਾਰੀ ਖ਼ੁਸ਼ ਹੈ ਜਿਸ ਨੂੰ ਆਪਣੇ ਵੱਡੇ ਅਧਿਕਾਰੀਆਂ ਦੀ ਹੁਕਮ ਅਦੂਲੀ ਕਰਨ ਲਈ ਪ੍ਰੇਰਿਆ ਗਿਆ ਸੀ? ਕੀ ਵਿਦਿਆਰਥੀ ਵਰਗ ਖ਼ੁਸ਼ ਹੈ ਜਿਸ ਨੂੰ ਪੂਰਣ ਕ੍ਰਾਂਤੀ ਦਾ ਸਬਜ਼-ਬਾਗ਼ ਵਿਖਾਇਆ ਗਿਆ ਸੀ? ਕੀ ਨਾਗਰਿਕ ਖ਼ੁਸ਼ ਹਨ ਜਿਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਤਾਨਾਸ਼ਾਹੀ ਤੋਂ ਨਜਾਤ ਦੁਆਈ ਜਾਵੇਗੀ ਤੇ ਜਿਨ੍ਹਾਂ ਦੀ ਜਾਨ, ਮਾਲ ਤੇ ਆਬਰੂ ਨੂੰ ਹੁਣ ਚਹੁੰ ਪਾਸਿਆਂ ਤੋਂ ਖ਼ਤਰਾ ਹੈ? ਜੇ ਇਨ੍ਹਾਂ ਵਿਚੋਂ ਕੋਈ ਵੀ ਖ਼ੁਸ਼ ਨਹੀਂ, ਤਾਂ ਫੇਰ ਕੌਣ ਖ਼ੁਸ਼ ਹੈ? ਇਸ ਦਾ ਉੱਤਰ ਸਰਕਾਰ ਚਲਾ ਰਹੀ ਪਾਰਟੀ ਦੇ ਲੀਡਰ ਲੋਕ ਹੀ ਦੇ ਸਕਦੇ ਹਨ।

ਅਗਲਾ ਸਵਾਲ ਹੈ ਜਨਤਾ ਪਾਰਟੀ ਦੇ ਏਸ ਸਿਲਸਿਲੇ ਦਾ ਬਣੇਗਾ ਕੀ? ਜੇ ਚਰਨ ਸਿੰਘ ਦਾ ਹੱਥ ਉੱਤੇ ਹੋ ਜਾਏ ਤਾਂ ਕੀ ਉਸ ਨੂੰ ਰਾਸ਼ਟਰੀ ਨੇਤਾ ਮੰਨ ਲਿਆ ਜਾਏਗਾ? ਇਹ ਗੱਲ ਵੀ ਔਖੀ ਹੀ ਲਗਦੀ ਹੈ ਕਿਉਂਕਿ ਭਾਸ਼ਾ ਵਰਗੇ ਨਾਜ਼ੁਕ ਮਸਲੇ ਬਾਰੇ ਦੱਖਣ ਭਾਰਤ ਦੇ ਰਾਜਾਂ ਵਿਚ ਉਨ੍ਹਾਂ ਦੇ ਵਿਚਾਰਾਂ ਦਾ ਚੰਗੀ ਤਰ੍ਹਾਂ ਪਤਾ ਹੈ। ਏਸ ਦੇ ਨਾਲ ਦੂਜੀ ਗੱਲ ਇਹ ਹੈ ਕਿ ਕੀ ਸ੍ਰੀ ਦੇਸਾਈ ਦੀ ਗੱਦੀ ਨੂੰ, ਜਿਨ੍ਹਾਂ ਦੇ ਪੈਰ ਆਪਣੇ ਰਾਜ ਵਿਚ ਪੂਰੀ ਤਰ੍ਹਾਂ ਪੱਕੇ ਹਨ, ਕੋਈ ਖ਼ਤਰਾ ਹੈ ਜਿਵੇਂ ਸ੍ਰੀ ਚਰਨ ਸਿੰਘ ਦੀ ਗੱਦੀ ਨੂੰ ਹੈ? ਦਿੱਲੀ ਦੀ ਵੱਖੀ ਵੱਲੋਂ ਕੀਤੀ ਜਾ ਰਹੀ ਪ੍ਰਸਤਾਵਿਤ ਕਿਸਾਨ ਰੈਲੀ 'ਜਾਟ ਨੇਤਾ' ਦਾ ਕੋਈ 'ਵੱਡਾ ਕਦਮ' ਨਹੀਂ। ਸ੍ਰੀ ਚਰਨ ਸਿੰਘ ਇਹ ਦਿਖਾ ਸਕਦੇ ਹਨ ਕਿ ਇਕ ਦਿਨ ਵਿਚ ਹੀ ਉਹ ਦਿੱਲੀ ਦੀ ਆਬਾਦੀ ਵਿਚ ਕੁਝ ਫ਼ੀ ਸਦੀ ਦਾ ਵਾਧਾ ਕਰ ਸਕਦੇ ਹਨ। ਕੀ ਸ੍ਰੀ ਚਰਨ ਸਿੰਘ ਸ੍ਰੀ ਦੇਸਾਈ ਦੀ ਏਸ ਯੋਗਤਾ ਨੂੰ ਅਣਡਿੱਠ ਕਰਦੇ ਹਨ ਕਿ ਪ੍ਰਧਾਨ ਮੰਤਰੀ ਏਸ ਰੈਲੀ ਨੂੰ ਹੋਣ ਤੋਂ ਪਹਿਲਾਂ ਹੀ ਭੰਗ ਕਰ ਸਕਦੇ ਹਨ? ਗ੍ਰਹਿ ਵਿਭਾਗ ਹੁਣ ਚਰਨ ਸਿੰਘ ਦੇ ਹੱਥ ਵਿਚ ਨਹੀਂ। ਕੀ ਇਹ ਅਸਫਲਤਾ ਸ੍ਰੀ ਚਰਨ ਸਿੰਘ ਦੇ ਗੁੱਸੇ ਨੂੰ ਭੜਕਾਏਗੀ ਨਹੀਂ? ਇਹ ਗੁੱਸਾ ਜਨਤਾ ਪਾਰਟੀ ਦੀ ਤਕਦੀਰ ਤੇ ਕੀ ਅਸਰ ਕਰਦਾ ਹੈ ਇਹ ਗੱਲ ਫ਼ੈਸਲਾਕੁਨ ਹੋਵੇਗੀ।

ਸ੍ਰੀ ਫਰਨਾਂਡਿਜ਼, ਜਿਨ੍ਹਾਂ ਦੇ ਨਾਂ ਨੂੰ ਚਿਕਮਗਲੂਰ ਨੇ ਖੋਰਾ ਲਾ ਦਿੱਤਾ ਹੈ ਹੁਣ ਸਮਾਜਵਾਦੀ 'ਸ਼ਾਨ' ਕਾਇਮ ਰੱਖਣ ਲਈ ਨਵੇਂ ਨਾਅਰੇ ਤੇ ਕਲਾਬਾਜ਼ੀਆਂ ਲਾ ਰਹੇ ਹਨ। ਪਰ ਜਨਤਾ ਪਾਰਟੀ ਦੇ ਸੱਜੇ ਪੱਖੀ ਸਾਥੀਆਂ ਨੂੰ ਉਨ੍ਹਾਂ ਦਾ ਇਹ ਅੰਦਾਜ਼ ਨਹੀਂ ਭਾਉਂਦਾ ਤੇ ਇਸ ਤਰ੍ਹਾਂ ਜਾਰਜ ਲਈ ਜ਼ਮੀਰ ਦਾ ਸੰਕਟ ਖੜਾ ਹੋ ਗਿਆ ਹੈ। ਜੇ ਉਹ ਆਪਣੀ ਜ਼ਮੀਰ ਨੂੰ ਟੋਹੇ ਤਾਂ ਉਹ ਮਹਿਸੂਸ ਕਰੇਗਾ ਕਿ ਉਨ੍ਹਾਂ ਲਈ ਜੇ ਜਨਤਾ ਪਾਰਟੀ ਨਹੀਂ ਤਾਂ ਗੱਦੀ ਛੱਡਣਾ ਹੀ ਵਾਜਿਬ ਹੈ। ਉਹ ਕੀ ਕਰਦੇ ਹਨ, ਸਿਰਫ਼ ਉਹੀ ਦਸ ਸਕਦੇ ਹਨ।

ਜਨਤਾ ਪਾਰਟੀ ਦੇ ਸਭ ਤੋਂ ਸੀਨੀਅਰ ਨੇਤਾ ਦਾ ਰਵੱਈਆ ਕੀ ਹੋਵੇਗਾ? ਅਖ਼ਬਾਰਾਂ ਦੇ ਪਾਠਕਾਂ ਨੂੰ ਪਤਾ ਹੈ ਕਿ ਜਨਤਾ ਪਾਰਟੀ ਦੀ "ਡਿਨਰ-ਡਿਪਲੋਮੇਸੀ" ਵੇਲੇ ਉਨ੍ਹਾਂ ਦੇ ਹਿੱਸੇ ਕੁਝ ਨਹੀਂ ਸੀ ਆਇਆ। ਕੀ ਖ਼ਾਲੀ ਪਲੇਟ ਕਿਸੇ ਗੱਲ ਦੀ ਪ੍ਰਤੀਕ ਹੋ ਸਕਦੀ ਹੈ? ਉਨ੍ਹਾਂ ਦੀ ਆਪਣੀ ਪਾਰਟੀ ਦੇ ਰਾਜ ਵਿਚ ਉਨ੍ਹਾਂ ਦੇ ਹਰੀਜਨ ਭਰਾਵਾਂ ਉੱਤੇ ਅੱਤਿਆਚਾਰ ਹੋ ਰਹੇ ਹਨ, ਕੀ ਸ੍ਰੀ ਜਗਜੀਵਨ ਰਾਮ ਆਪਣੇ ਇਨ੍ਹਾਂ ਪੀੜਤ ਭਰਾਵਾਂ ਲਈ ਨਹੀਂ; ਬਲਕਿ ਆਪਣੇ ਲਈ ਨਿਆਂ ਲੈਣ ਵਾਸਤੇ ਆਪਣੇ ਜ਼ੋਰ ਇਸਤੇਮਾਲ ਕਰਨਗੇ? ਕੀ ਪ੍ਰਧਾਨ ਮੰਤਰੀ ਬਣਨ ਨਾਲੋਂ, ਸਾਥੀਆਂ ਵਿਚ ਰਲਣ ਨਾਲ ਉਨ੍ਹਾਂ ਦੇ ਪੈਰ ਵਧੇਰੇ ਪੱਕੇ ਨਹੀਂ ਹੋਣਗੇ?

ਸਭ ਤੋਂ ਵੱਧ ਜਨਤਾ ਪਾਰਟੀ ਵਿਚਲੇ ਕਾਂਗਰਸੀ, ਜਿਨ੍ਹਾਂ ਵਿਚ ਸ੍ਰੀ ਦੇਸਾਈ ਵੀ ਸ਼ਾਮਿਲ ਨੇ, ਕਿੰਨੀ ਦੇਰ ਦਿਲੋਂ ਕਾਂਗਰਸੀ ਨਾ ਹੋਣ ਦਾ ਦਾਅਵਾ ਕਰਦੇ ਰਹਿਣਗੇ? ੯੩ ਸਾਲ ਦੀਆਂ ਰਵਾਇਤਾਂ ਵਾਲੀ ਕਾਂਗਰਸ ਪਾਰਟੀ 'ਚੋਂ ਟੁੱਟੇ ਹੋਏ ਹੀ ਇਨ੍ਹਾਂ ਲੋਕਾਂ ਉੱਤੇ 'ਓਪਰੇ' ਹੋਣ ਦੀ ਅਖਾਣ ਢੁਕਦੀ ਹੀ ਰਹੇਗੀ। ਉਨ੍ਹਾਂ ਲਈ ਵਈ ਆਪਣੀ ਜ਼ਮੀਰ ਨੂੰ ਕੁਚਲ ਕੇ ਸਮਝੌਤੇ ਕਰਦੇ ਰਹਿਣਾ ਕਿੰਨੀ ਕੁ ਦੇਰ ਲਈ ਚਲ ਸਕਦਾ ਹੈ। ਉਹ ਆਪਣੀ ਪਾਰਟੀ ਤੋਂ ਅਸੂਲਾਂ ਲਈ ਨਹੀਂ ਸਗੋਂ ਨਿਜੀ ਅਸਹਿਮਤੀ ਲਈ ਵੱਖ ਹੋਏ ਸਨ। ਜਨਤਾ ਪਾਰਟੀ ਵਿਚ ਉਨ੍ਹਾਂ ਦੀ ਹੋਂਦ ਕਾਰਣ ਹੀ ਏਸ ਪਾਰਟੀ ਵਿਚੋਂ ਗਾਂਧੀਵਾਦ ਤੇ ਸਮਾਜਵਾਦ ਦੀ ਝਲਕ ਮਿਲਦੀ ਹੈ, ਸ੍ਰੀ ਦੇਸਾਈ ਦੇ ਗੱਦੀ ਤੋਂ ਹਟਣ ਲਈ ਮਜਬੂਰ ਹੁੰਦਿਆਂ ਹੀ, ਇਨ੍ਹਾਂ ਸਾਰੇ ਲੋਕਾਂ ਦਾ ਮਹੱਤਵ ਸਿਫ਼ਰ ਹੋ ਜਾਏਗਾ। ਜਨਤਾ ਪਾਰਟੀ ਵਿਚ ਸ਼ਾਮਿਲ ਹਰ ਗੁਟ ਨਿਜ ਹਿੱਤ ਲਈ ਕਾਂਗਰਸੀਆਂ ਤੇ ਹਮਲਾ ਕਰਕੇ ਉਨ੍ਹਾਂ ਨੂੰ ਬਦਨਾਮ ਕਰੇਗਾ। ਸ੍ਰੀ ਜਗਜੀਵਨ ਰਾਮ ਨੇ ਇਹ ਦੇਖ ਲਿਆ ਹੈ; ਸ੍ਰੀ ਚੰਦਰ ਸ਼ੇਖਰ ਤੇ ਸ੍ਰੀ ਦੇਸਾਈ ਵੀ ਇਹ ਸੁਆਦ ਦੇਖ ਚੁਕੇ ਹਨ। ਹੁਣ ਇਨ੍ਹਾਂ ਸਾਰਿਆਂ ਨੂੰ ਇਕੱਠੇ ਤੌਰ ਤੇ ਇਸ ਦਾ ਸਾਹਮਣਾ ਕਰਨਾ ਪਏਗਾ। ਕੁਝ ਇਸ ਤਰ੍ਹਾਂ ਦੇ ਪਿਛੋਕੜ ਵਿਚ ਜਨਤਾ ਪਾਰਟੀ ਘੁੰਮਣ ਘੇਰੀ ਪੈ ਕੇ ਇਹ ਸੋਚਣ ਲਈ ਮਜਬੂਰ ਹੋਵੇਗੀ ਕਿ ਜਾਏ ਤੇ ਜਾਏ ਕਿਧਰ? ○○

# ਪੰਜਾਬੀ ਲਿਟਰੇਰੀ ਐਸੋਸੀਏਸ਼ਨ·

ਐਸੋਸੀਏਸ਼ਨ ਦੀ ਨਵੇਂ ਸਾਲ ਦੀ ਪਹਿਲੀ ਮੀਟਿੰਗ ਦੋ ਜਨਵਰੀ '79 ਨੂੰ ਨੇਬਰਹੁੱਡ ਕਮਿਊਨਿਟੀ ਸੈਂਟਰ (49 + Vic) ਵਿਚ ਹੋਈ, ਜਿਸ ਵਿਚ ਹੋਰ ਮੈਂਬਰਾਂ ਤੋਂ ਇਲਾਵਾ ਡਾ: ਮਹਿੰਦਰ ਕੁਮਾਰ ਵੀ ਸ਼ਾਮਿਲ ਹੋਏ। ਡਾ: ਮਹਿੰਦਰ ਕੁਮਾਰ ਵਾਟਰਲੂ ਯੂਨੀਵਰਸਿਟੀ, ਕੈਨੇਡਾ ਵਿਚ ਮਾਸ ਮੀਡੀਆ (MASS MEDIA) ਦੇ ਪ੍ਰੋਫੈਸਰ ਹਨ। ਪਿਛੇ ਜਿਹੇ ਉਹ ਕੈਨੇਡਾ ਵਿਚੋਂ ਭਾਰਤੀਆਂ ਅਤੇ ਕੁਝ ਹੋਰ ਵਿਅਕਤੀਆਂ ਦੇ ਇਕ ਗੈਰ-ਸਰਕਾਰੀ ਵਫ਼ਦ ਨਾਲ ਚੀਨ ਦੀ ਯਾਤਰਾ ਕਰਨ ਗਏ ਸਨ। ਚੀਨ ਬਾਰੇ ਉਨ੍ਹਾਂ ਦੇ ਕੁਝ ਪ੍ਰਭਾਵ ਵਤਨੋਂ ਦੂਰ ਦੇ ਜੂਨ '78 ਅੰਕ ਵਿਚ ਛਪੇ ਸਨ ਜੋ ਨਾਵਲ ਵਾਂਗ ਰੌਚਕ ਹੋਣ ਦੇ ਨਾਲ ਨਾਲ ਅਜੋਕੇ ਚੀਨ ਦੇ ਕਈ ਪੱਖਾਂ ਤੇ ਨਵੀਂ ਰੋਸ਼ਨੀ ਪਾਉਂਦੇ ਹਨ। ਡਾ: ਮਹਿੰਦਰ ਕੁਮਾਰ ਨੂੰ ਆਪਣੀ ਜਨਮ ਭੂਮੀ ਭਾਰਤ ਨਾਲ ਡੂੰਘਾ ਮੋਹ ਹੈ; ਉਨ੍ਹਾਂ ਦਾ ਭਾਰਤੀ ਸਮਾਜ ਬਾਰੇ ਗਿਆਨ ਵਿਸ਼ਾਲ ਅਤੇ ਗਹਿਰਾ ਹੈ। ਆਪਣੀ ਚੀਨ ਯਾਤਰਾ ਪਿਛੋਂ ਉਹ ਇਕ ਸਾਲ ਭਾਰਤ ਵੀ ਰਹਿ ਕੇ ਆਏ ਹਨ ਜਿਸ ਵਿਚੋਂ ਬਹੁਤਾ ਸਮਾਂ ਉਹਨਾਂ ਹਰਿਆਣੇ ਅਤੇ ਪੰਜਾਬ ਦੇ ਪੇਂਡੂ ਲੋਕਾਂ ਵਿਚ ਫਿਰ ਤੁਰ ਕੇ ਬਿਤਾਇਆ ਹੈ। ਅੱਜ ਦੀ ਮੀਟਿੰਗ ਵਿਚ ਉਹਨਾਂ ਭਾਰਤ ਬਾਰੇ ਹੀ ਗੱਲਬਾਤ ਕੀਤੀ ਅਤੇ ਐਸੋਸੀਏਸ਼ਨ ਦੇ ਲੇਖਕਾਂ ਵਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੱਤੇ।

ਭਾਰਤ ਵਿਚ MASS MEDIA ਬਾਰੇ ਉਹਨਾਂ ਗੱਲਬਾਤ ਕਰਦਿਆਂ ਦੱਸਿਆ ਕਿ ਪੁਸਤਕਾਂ ਦੇ ਮੁਕਾਬਲੇ ਫਿਲਮਾਂ ਦਾ ਮਾਧਿਅਮ ਬਹੁਤ ਸ਼ਕਤੀਸ਼ਾਲੀ ਬਣ ਗਿਆ ਹੈ; ਫ਼ਿਲਮਾਂ ਅਜਿਹਾ ਮਾਧਿਅਮ ਹਨ ਜਿਨ੍ਹਾਂ ਰਾਹੀਂ ਤੁਸੀਂ ਆਮ ਲੋਕਾਂ ਦੀ ਬਹੁਤ ਵੱਡੀ ਗਿਣਤੀ ਤਕ ਬਹੁਤ ਛੇਤੀ ਪਹੁੰਚ ਸਕਦੇ ਹੋ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਫਿਲਮਾਂ ਦੀ ਸਰਕਾਰੀ ਸੈਂਸਰਸ਼ਿਪ ਬਹੁਤ ਸਖ਼ਤ ਕਿਸਮ ਦੀ ਹੈ: ਫਿਲਮਾਂ ਰਾਹੀਂ ਕੋਈ ਵੀ ਕ੍ਰਾਂਤੀਕਾਰੀ ਜਾਂ ਅਗਾਂਹਵਧੂ ਵਿਚਾਰ ਲੋਕਾਂ ਤੱਕ ਪਹੁੰਚਾਣਾ ਲਗਭਗ ਅਸੰਭਵ ਹੈ — ਇਸ ਸੰਬੰਧ ਵਿਚ ਉਹਨਾਂ ਸ਼ਿਆਮ ਬੈਨੇਗਲ ਦੀ ਇਕ ਅਗਾਂਹਵਧੂ ਫਿਲਮ ਦੇ ਰਾਹ ਵਿਚ ਸੈਂਸਰ ਵਲੋਂ ਪਾਈਆਂ ਗਈਆਂ ਅੜਿੱਚਣਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਆਪਣੇ ਵੱਲੋਂ ਬਣਾਈ ਗਈ ਇਕ ਫਿਲਮ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਸ ਫਿਲਮ ਤੇ ਸੈਂਸਰ ਨੇ ਪ੍ਰਦਰਸ਼ਨੀ ਦੀ ਉੱਕਾ ਇਜਾਜ਼ਤ ਨਾ ਦਿਤੀ ਹੈ। ਇਹ ਫਿਲਮ ਰਾਜਸਥਾਨ ਦੇ ਇਕ ਪਿੰਡ ਵਿਚ ਹੋਈ ਸੱਚੀ ਵਾਰਦਾਤ ਦੀ ਕਹਾਣੀ ਹੈ ਜਿਸ ਵਿਚ ਪੁਲੀਸ ਵਲੋਂ ਪਿੰਡ ਦੇ ਗ਼ਰੀਬ ਲੋਕਾਂ ਤੇ ਗੋਲੀ ਚਲਦੀ ਵਿਖਾਈ ਜਾਂਦੀ ਹੈ; ਕਾਲ ਦੇ ਦਿਨਾਂ ਵਿਚ ਗ਼ਰੀਬਾਂ ਨੇ ਤਿਹਾਏ ਮਰਨ ਦੀ ਬਜਾਏ ਅਮੀਰ ਪੰਡਤ ਲੋਕਾਂ ਦੇ ਖੂਹਾਂ ਤੋਂ ਅੱਲੋਅੱਲੀ ਪਾਣੀ ਖਿੱਚ ਲਿਆ ਸੀ।

ਡਰਾਮੇ ਬਾਰੇ ਉਨ੍ਹਾਂ ਕਿਹਾ ਕਿ ਪ੍ਰੋਫੈਸ਼ਨਲ ਥੀਏਟਰ ਦੀ ਬਜਾਏ ਸਾਦਾ ਸੈਟਿੰਗ ਵਾਲੇ ਨਾਟਕ, ਜੋ ਆਮ ਬਾਜ਼ਾਰਾਂ ਤੇ ਮੁਹੱਲਿਆਂ ਵਿਚ ਜਾ ਕੇ ਖੇਡੇ ਜਾ ਸਕਣ, ਜ਼ਿਆਦਾ ਲੋਕਾਂ ਤੱਕ ਪਹੁੰਚ ਸਕਦੇ ਹਨ। ਚੰਡੀਗੜ੍ਹ ਦੀ ਇਕ ਅਜਿਹੀ ਨਾਟ-ਮੰਡਲੀ ਦਾ ਉਨ੍ਹਾਂ ਵਰਨਣ ਵੀ ਕੀਤਾ।

ਉਨ੍ਹਾਂ ਕਿਹਾ ਕਿ "ਭਾਰਤ ਵਿਚ ਜਾਤ ਪਾਤ ਦੇ ਸਿਸਟਮ ਵਿਚ ਕੁਝ ਛੇਤੀ ਹੀ ਨਵੀਂ ਤਬਦੀਲੀ ਆ ਰਹੀ ਹੈ — ਵਿਸ਼ੇਸ਼ ਕਰਕੇ ਪੂਰਬੀ ਯੂ.ਪੀ. ਅਤੇ ਬਿਹਾਰ ਦੀ ਹਰੀਜਨ ਸ਼੍ਰੇਣੀ ਵਿਚ ਉਭਾਰ ਆ ਰਿਹਾ ਹੈ ਜੋ ਭਾਰਤੀ ਰਾਜਨੀਤੀ ਉਤੇ ਅਹਿਮ ਅਸਰ ਪਾਏਗਾ। ਪੰਜਾਬ ਦੇ ਅਤੇ ਬਿਹਾਰ ਦੇ ਹਰੀਜਨ ਵਿਚ ਅਜੇ ਵੀ ਬੜਾ ਅੰਤਰ ਹੈ।

ਭਾਰਤ ਵਿਚ ਕ੍ਰਾਂਤੀ ਦੇ ਸੰਦਰਭ ਵਿਚ ਉਹਨਾਂ ਮਜ਼੍ਹਬ ਦੇ ਰੋਲ ਤੇ ਵੀ ਗੱਲਬਾਤ ਕੀਤੀ: ਭਾਰਤ ਵਿਚ ਮਜ਼੍ਹਬ ਦੀਆਂ ਜੜ੍ਹਾਂ ਅਜੇ ਬਹੁਤ ਮਜ਼ਬੂਤ ਹਨ — ਕਿਸੇ ਵੀ ਪਾਰਟੀ ਨੂੰ ਜੋ ਭਾਰਤ ਵਿਚ ਸਮਾਜਕ ਕ੍ਰਾਂਤੀ ਲਿਆਉਣਾ ਚਾਹੁੰਦੀ ਹੈ, ਮਜ਼੍ਹਬ ਨਾਲ ਘੱਟੋ ਘੱਟ ਆਰਜ਼ੀ ਤੌਰ ਤੇ ਸਮਝੌਤਾ ਕਰਨਾ ਪਵੇਗਾ।

ਡਾ: ਕੁਮਾਰ ਨਾਲ ਮੀਟਿੰਗ ਵਿਚ ਹੋਰ ਵੀ ਅਨੇਕਾਂ ਪੱਖਾਂ ਤੇ ਦਿਲਚਸਪ ਭਰਪੂਰ ਵਿਚਾਰ ਵਟਾਂਦਰਾ ਹੋਇਆ। ਐਸੋਸੀਏਸ਼ਨ ਡਾ: ਮਹਿੰਦਰ ਕੁਮਾਰ ਦੇ ਮੀਟਿੰਗ ਵਿਚ ਸ਼ਾਮਲ ਹੋਣ ਨੂੰ ਮਾਣ ਵਾਲੀ ਗੱਲ ਸਮਝਦੀ ਹੈ।

ਅਜਮੇਰ ਰੋਡੇ (ਪ੍ਰਧਾਨ)


**SHAKTI GIFT**

SALE AND REPAIRS OF WATCHES

6576 MAIN STREET, VANCOUVER, B.C.

Where you can get all types of Real and Artificial Jewellery and all types of oriental designs can be made!



Res. 327-8259

Bus. 321-6214

SPECIALIST IN EAST INDIAN JEWELLERY GIFTWARE & REPAIRS

ਹਰ ਤਰ੍ਹਾਂ ਦੇ ਗਹਿਣੇ ਬਣਾਉਣ ਲਈ ਸ਼ਕਤੀ ਦੁਕਾਨ ਤੇ ਆਓ।

THINKING OF TRAVEL?
WE CAN SAVE YOU MONEY,
TIME AND TROUBLE
GROUPS – CHARTER – EXCURSION
PAY LATER
SPECIAL IMMIGRANT FARES AVAILABLE

**GOYAL TRAVEL**

4160 FRASER STREET, VANCOUVER 10, B.C.
PHONE: 872-7658

ASSOCIATE OFFICES:
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India). Phone 555



RUPINDER AZAD M.A.

# Rupinder S. Asad M.A.

**Over 8 Years in Insurance Business,**
**Now, an independant general agent for:**

# SEABOARD LIFE INSURANCE COMPANY

**H.O. Vancouver, B.C.**

**& Broker for several reputable Ins. Cos. offering you a variety of insurance services:** *Life, Mortgage, Acc. & Sickness, Group (dental & ext. Health care available with 3 Employees or more) including: INCOME TAX SHELTERING ANNUITIES—To save Capital Gain Taxes.*

*RETIREMENT SAVINGS PLANS Registered or non-Reg'd R.R.S.P.s*

*For FREE consultation & competitive rates on any plan, call or contact:*

## *AZAD INSURANCE AGENCIES*

*6612 - Main Street, Vancouver, B.C. V5X 3H2*

*Phone: OFFICE - 324-2844* *HOME: 325-0774*

ਰਿਟਾਇਰਮੈਂਟ ਸੇਵਿੰਗਜ਼ ਪਲੈਨ (ਰਜਿਸਟਰਡ ਜਾਂ ਨਾਨ ਰਜਿਸਟਰਡ)
ਚੁੱਕੋ ਫਾਇਦਾ ਤੇ - 1978 ਦੀ ਆਮਦਨ ਤੇ ਟੈਕਸ ਤੋਂ ਬੱਚਤ। ਮਾਰਚ 79 ਤੱਕ। ਅਤੇ ਬਿਜ਼ਨਿਸ
ਦੇ ਨਾਲ ਆਪ ਨੂੰ ਟੈਕਸ ਦੀ ਲਪੇਟ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਇੰਸ਼ੋਰੈਂਸ ਪਰੋਗਰਾਮਾਂ
ਦੀ ਜਾਣਕਾਰੀ ਲਈ ਯਾਦ ਰੱਖੋ:- ਅਜ਼ਾਦ ਇੰਨਸ਼ੋਰੈਂਸ ਏਜੰਸੀਜ਼
ਫੋਨ ਨੰ: 324-2844

---

**FOR: ACCOUNTING BOOK KEEPING & INCOME TAX NEEDS**
**CONTACT:**

**HUSSEIN'S ACCOUNTING SERVICES**
**6612-Main St. Vancouver, B.C. V5X 3H2**
**OFFICE: (604) 324-2844**
**RES.: 324-2683**

**Office Hours: Monday to Friday 9 a.m. — 5 p.m.**
***Saturdays 9 a.m. — 4 p.m.***
Very reasonable rates for 1978 Income Tax Returns!


ਹੁਸੈਨ ਅਕਾਊਂਟਿੰਗ ਸਰਵਿਸਜ਼
6612 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਕਈ ਸਾਲਾਂ ਤੋਂ ਅਕਾਊਂਟਿੰਗ, ਬੁਕਕੀਪਿੰਗ ਤੇ ਇੰਨਕਮ ਟੈਕਸ ਦਾ ਕੰਮ ਕਰ ਰਹੇ ਹਨ।
1978 ਦੇ ਇੰਨਕਮ ਟੈਕਸ ਰੀਟਰਨ - ਬਹੁਤ ਹੀ ਵਾਜਿਬ ਫੀਸ ਨਾਲ ਭਰੇ ਜਾਂਦੇ ਹਨ।
ਫੋਨ ਕਰੋ ਜਾਂ ਖੁਦ ਦਫ਼ਤਰ ਵਿਚੋ।
ਦਫ਼ਤਰ ਦਾ ਸਮਾਂ: ਸੋਮਵਾਰ ਤੋਂ ਸ਼ੁਕਰਵਾਰ 9 ਵਜੇ ਸਵੇਰ ਤੋਂ 5 ਵਜੇ ਸ਼ਾਮ
ਸ਼ਨਿਚਰਵਾਰ: 9 ਵਜੇ ਤੋਂ 4 ਵਜੇ ਸ਼ਾਮ

# A FANTASTIC INSURANCE PROGRAMME

## Available in Canada UP TO $50,000

***NOW — a life insurance policy that GUARANTEES EVERY CENT OF YOUR MONEY BACK anytime you ask — after premiums have been paid and the policy has been in force for two years.***



JARNAIL S. SARAN
Life Underwriter
273-6708

***For further information please feel free to call any one of us without obligation:***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



JAGJIT SINGH SIDHU M.A.
Unit Supervisor
Res.: 324-2493

**SEABOARD LIFE INSURANCE COMPANY**

**202 - 4640 No. 3 rd. Richmond, B.C. Office 273-2961**

---

# MODERN—PARTY—RENTAL

## 7209 - Main Street

**PHONE: 325-5014**

**ਵਿਆਹ ਸ਼ਾਦੀਆਂ ਜਾਂ ਪਾਰਟੀਆ ਬੁਕ ਕਰਨ ਤੋ ਪਹਿਲਾ ਸਾਡੇ ਮੀਨੋ ਅਤੇ ਕੀਮਤਾ ਦਾ ਮੁਕਾਬਲਾ ਕਰੋ ਰਾਜਾ ਵਿਚ ਪਾਰਟੀਆਂ ਦੇ ਖਾਂਣੇ ਘਰ ਤੋ ਵਧੀਆ ਤੇ ਸਸਤਾ ਪੈਂਦਾਂ ਹੈ**

BEFORE YOU BOOK A PARTY
COMPARE OUR SUPER SPECIAL RATES AND **MENU**

**FAMOUS TANDOORIE CHICKEN**

CATERING FOR
WEDDING & SMALL HOME PARTIES.

CALL **325-5014**

***Raja***

*Restaurant Ltd.*
Licensed Premises

7271 MAIN ST., VANCOUVER B.C.

# ਫਰੰਟੀਅਰ ਕਲਾਥ ਹਾਊਸ

## *Imported Printed; Plain & Embroidered Sarees*

**SPECIALISTS IN:**

* INDIAN SILK SUITS WITH CHUNI
* SAREES, LEHNGAS
* CAPES, HARS KALELRA'S
* AND OTHER INDIAN GOODS
* JAPANESE YARD MATERIAL
* PLAIN SAREES
* SUITS
* DRAPES
* QUILTS ਰਜਾਈਆਂ




**Now At New Location**

HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

Manager Vancouver Branch:
SUSHIL BATRA

Phones: Bus. 325-4424
Res. 324-5156

# FRONTIER CLOTH HOUSE LTD.

**6695 MAIN STREET VANCOUVER, B.C.**


WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2